# ਲੂਥਰ ਦਾ ਛੋਟਾ ਕੈਟਿਕਿਜ਼ਮ੍

## ਪਰਵਾਰ ਅਤੇ ਮਸੀਹੀ ਸੰਗਤ ਲਈ
## ਮੁਖ
## ਮਸੀਹੀ ਹਦਾਇਤਾਂ ਅਤੇ ਸਿੱਖਿਆ

# ਵਿਸ਼ਾ ਸੂਚੀ

## ਪਹਿਲਾ ਭਾਗ

### ਦਸ ਹੁਕਮ


ਪਹਿਲਾ ਹੁਕਮ....................................੩
ਦੂਜਾ ਹੁਕਮ......................................੩
ਤੀਜਾ ਹੁਕਮ......................................੩
ਚੌਥਾ ਹੁਕਮ......................................੩
ਪੰਜਵਾਂ ਹੁਕਮ ...................................੩
ਛੇਵਾਂ ਹੁਕਮ.....................................੪
ਸਤਵਾਂ ਹੁਕਮ ....................................੪
ਅਠਵਾਂ ਹੁਕਮ ....................................੪
ਨੌਂਵਾਂ ਹੁਕਮ ......................................੪
ਦਸਵਾਂ ਹੁਕਮ.....................................੪


## ਦੂਜਾ ਭਾਗ

### ਰਸੂਲਾਂ ਦਾ ਅਕਿਦਾ


ਪਹਿਲੀ ਲਿਖਤ...................................੫
ਦੂਜੀ ਲਿਖਤ......................................੬
ਤੀਜੀ ਲਿਖਤ......................................੬


## ਤੀਜਾ ਭਾਗ

### ਪ੍ਰਭੂ ਦੀ ਪ੍ਰਾਰਥਨਾਂ


ਭੂਮਿਕਾ............................................੭
ਪਹਿਲੀ ਬੇਨਤੀ ....................................੭
ਦੂਜੀ ਬੇਨਤੀ.......................................੮
ਤੀਜੀ ਬੇਨਤੀ .......................................੮
ਚੌਥੀ ਬੇਨਤੀ.......................................੮
ਪੰਜਵੀ ਬੇਨਤੀ .....................................੯
ਛੇਵੀਂ ਬੇਨਤੀ.......................................੯
ਸਤਵੀਂ ਬੇਨਤੀ......................................੯
ਅਕਾਲ-ਉਸਤਤ...................................੯


## ਚੌਥਾ ਭਾਗ


**ਕਿਰਪਾ ਦੇ ਵਸੀਲੇ ...............................੧੦**
**ਬਪਤਿਸਮਾਂ .....................................੧੦**
ਬਪਤਿਸਮੇ ਦਾ ਪ੍ਰਕਿਰਤੀ ਗੁਣ ....................੧੦
ਬਪਤਿਸਮੇਂ ਦੀ ਆਸੀਸ........................... ੧੧
ਬਪਤਿਸਮੇ ਦੀ ਸਮਰਥਾ ਅਤੇ ਯੋਗਤਾ............. ੧੧
ਪਾਣੀ ਨਾਲ ਬਪਤਿਸਮਾਂ ਦੇਣ ਦਾ
ਕੀ ਮਹਤਵ ਹੈ ................................... ੧੧


## ਪੰਜਵਾਂ ਭਾਗ


**ਪਾਪਾਂ ਦਾ ਇਕਬਾਲ ਕਰਨਾ............... ੧੨**
**ਸਵਰਗ ਦੇ ਰਾਜ ਦੀਆਂ ਕੁੰਜੀਆਂ**
**ਦਾ ਅਧਿਕਾਰ ............................ ੧੨**
**ਪ੍ਰਭੂ ਭੋਜ (ਅੱਸ਼ਾਇ-ਰੱਬਾਨੀ)............ ੧੩**
ਪ੍ਰਭੂ ਭੋਜ ਦਾ ਕੀ ਲਾਭ ਹੈ? .......................੧੩
ਪ੍ਰਭੂ ਭੋਜ ਦੀ ਸ਼ਕਤੀ ..............................੧੩


## ਛੇਵਾਂ ਭਾਗ


ਕੁਝ ਮਸੀਹੀ ਸਵਾਲ ਅਤੇ ਜਵਾਬ ...........੧੪-੧੬
ਰੋਜ਼ ਦੀਆਂ ਪ੍ਰਾਰਥਨਾਵਾਂ............. ੧੭-੧੮

# ਪਹਿਲਾ ਭਾਗ

## ਦਸ ਹੁਕਮ

**"ਮੈਂ ਹੀ ਉਹ ਪ੍ਰਭੂ ਪਰਮੇਸ਼ਰ ਹਾਂ ਜੋ ਤੁਹਾਨੂੰ ਮਿਸਰ ਦੀ ਗੁਲਾਮੀ ਤੋਂ ਛੁਡਾ ਕੇ ਲਿਆਇਆ ਹਾਂ ।"**

### ਪਹਿਲਾ ਹੁਕਮ

**"ਤੂੰ ਮੇਰੇ ਤੋਂ ਸਿਵਾਏ ਕਿਸੇ ਦੂਜੇ ਦੇਵਤੇ ਦੀ ਉਪਾਸਨਾ ਨਾ ਕਰਨਾ "।**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

ਸਾਨੂੰ ਸਭ ਚੀਜ਼ਾਂ ਤੋਂ ਅਧਿਕ ਪਰਮੇਸ਼ਰ ਦਾ ਭੈ ਮੰਨਣਾਂ ਹੈ, ਉਸ ਨਾਲ ਪ੍ਰੇਮ ਅਤੇ ਉਸ ਤੇ ਭਰੋਸਾ ਰੱਖਨਾ ਹੈ ।

### ਦੂਜਾ ਹੁਕਮ

**"ਤੂੰ ਪ੍ਰਭੂ ਆਪਣੇ ਪਰਮੇਸ਼ਰ ਦਾ ਨਾਂ ਵਿਅਰਥ ਨਾ ਲੈਣਾ "।**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

ਸਾਨੂੰ ਪਰਮੇਸ਼ਰ ਦਾ ਭੈ ਮੰਨਣਾਂ ਅਤੇ ਉਸ ਨਾਲ ਪਿਆਰ ਕਰਨਾ ਹੈ ਕਿਉਂ ਜੋ ਅਸੀਂ ਉਸ ਦਾ ਨਾਮ ਅੰਧਵਿਸ਼ਵਾਸ ਵਿੱਚ ਨਾ ਲਈਐ ਨਾ ਹੀ ਦੁਰਸੀਸ ਦੇਣ ਲਈ, ਸਹੁੰ ਸੁਗੰਧ ਲਈ, ਝੁਠ ਬੋਲਦੇ ਸਮੇਂ ਜਾਂ ਧੋਖਾ, ਛਲ ਦੇਣ ਲਈ ਇਸਤੇਮਾਲ ਕਰਿਏ, ਪਰੰਤੂ ਪਰਮੇਸ਼ਰ ਦਾ ਨਾਂ ਕੇਵਲ ਪ੍ਰਾਰਥਨਾ, ਉਸ ਦੀ ਪ੍ਰਸ਼ੰਸਾ ਲਈ ਅਤੇ ਧੰਨਵਾਦੀ ਲਈ ਇਸਤੇਮਾਲ ਕਰਿਏ ।

### ਤੀਜਾ ਹੁਕਮ

**"ਤੂੰ ਸਤਵੇਂ ਦਿਨ ਨੂੰ ਪਵਿਤਰ ਸਬਤ ਕਰਕੇ ਮੰਨਣਾ" ।**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

ਸਾਨੂੰ ਪਰਮੇਸ਼ਰ ਦਾ ਭੈ ਮੰਨਣਾਂ ਅਤੇ  ਉਸ ਨਾਲ ਪਿਆਰ ਕਰਨਾ ਹੈ ਕਿਉਂ ਜੋ ਅਸੀਂ ਉਸਦੇ ਵਚਨ ਦੀ ਉਪੇਖਿਆ ਨਾ ਕਰਿਏ ਪਰ ਉਸਦਾ ਧਰਮ-ਪ੍ਚਾਰ ਕਰਿਏ ਕਿਉਂ ਜੋ ਉਸਦੇ ਵਚਨ ਨੂੰ ਪਵਿੱਤਰ ਮੰਨਿਏ ਅਤੇ ਖੁਸ਼ੀ ਨਾਲ ਸੁਣਿਏ ਅਤੇ ਸਿਖਿਏ ।

### ਚੌਥਾ ਹੁਕਮ

**"ਤੂੰ ਆਪਣੇ ਪਿਓ ਅਤੇ ਮਾਂ ਦਾ ਆਦਰ ਕਰਨਾ"।**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

ਸਾਨੂੰ ਪਰਮੇਸ਼ਰ ਦਾ ਭੈ ਮੰਨਣਾਂ ਅਤੇ  ਉਸ ਨਾਲ ਪਿਆਰ ਕਰਨਾ ਹੈ ਕਿਉਂ ਜੋ ਅਸੀਂ ਆਪਣੇ ਮਾਂ-ਪਿਓ ਅਤੇ ਜੋ ਸਾਡੇ ਤੇ ਅਧਿਕਾਰ ਰੱਖਦੇ ਹਨ ਉਹਨਾਂ ਨਾਲ ਘਿਰਨਾ ਜਾਂ ਕ੍ਰੋਧ ਨਾਂ ਰੱਖਿਏ, ਪਰ ਉਹਨਾ ਦਾ ਆਦਰ ਕਰਿਏ, ਹੁੱਕਮ ਮਨਿਏ,, ਪਿਆਰ ਕਰਿਏ ਅਤੇ ਉਹਨਾਂ ਦੀ ਸੇਵਾ ਕਰਿਏ

### ਪੰਜਵਾਂ ਹੁਕਮ

**"ਤੂੰ ਕਤਲ ਨਾ ਕਰਨਾ"।**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

ਸਾਨੂੰ ਹਮੇਸ਼ਾ ਪਰਮੇਸ਼ਰ ਦਾ ਭੈ ਮੰਨਣਾਂ ਅਤੇ ਉਸ ਨਾਲ ਪਿਆਰ ਕਰਨਾ ਹੈ ਕਿਉਂ ਜੋ ਅਸੀਂ ਆਪਣੇ ਗੁਆਂਢੀ ਨੂੰ ਕਿਸੇ ਤਰੀਕੇ ਨਾਲ ਚੋਟ ਜਾਂ ਨੁਕਸਾਨ ਨਾ ਪਹੁੰਚਾਇਏ ਪਰ ਉਸਦੀ ਹਰ ਸਰੀਰਕ ਜ਼ਰੂਰਤ ਵਿਚ ਉਸਦੀ ਮਦਦ ਕਰਿਏ।

### ਛੇਵਾਂ ਹੁਕਮ

**"ਤੂੰ ਵਿਭਚਾਰ ਨਾ ਕਰਨਾ"।**

### ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?

ਸਾਨੂੰ ਹਮੇਸ਼ਾ ਪਰਮੇਸ਼ਰ ਦਾ ਭੈ ਮੰਨਣਾਂ ਅਤੇ ਉਸ ਨਾਲ ਪਿਆਰ ਕਰਨਾ ਹੈ ਕਿਉਂ ਜੋ ਅਸੀਂ ਜਿਨਸੀ ਮਸਲਿਆਂ ਵਿਚ ਆਪਣਾਂ ਆਚਰਨ ਖਰਾ, ਸ਼ੁੱਧ ਅਤੇ ਸਨਮਾਨ ਯੋਗ ਰੱਖੀਏ ਅਤੇ ਪਤੀ-ਪਤਨੀ ਦਾ ਆਪਸੀ ਪਿਆਰ ਅਤੇ ਇਕ-ਦੂਜੇ ਲਈ ਆਦਰ ਬਣਿਆ ਰਹੇ।

### ਸਤਵਾਂ ਹੁਕਮ

**"ਤੂੰ ਚੋਰੀ ਨਾ ਕਰਨਾ"।**

### ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?

ਸਾਨੂੰ ਹਮੇਸ਼ਾ ਪਰਮੇਸ਼ਰ ਦਾ ਭੈ ਮੰਨਣਾਂ ਅਤੇ ਉਸ ਨਾਲ ਪਿਆਰ ਕਰਨਾ ਹੈ ਕਿਉਂ ਜੋ ਅਸੀਂ ਆਪਣੇ ਗੁਆਂਢੀ ਦੇ ਧਨ-ਦੌਲਤ, ਸੰਪਤੀ ਅਤੇ ਮਲਕੀਅਤ ਦਾ ਚਲਾਕੀ ਨਾਲ ਲਾਭ ਨਾ ਉਠਾਈਏ ਨਾਂ ਹੀ ਬੇਇਮਾਨ ਤਰੀਕੇ ਨਾਲ ਆਪਣੇ ਵਾਸਤੇ ਉਪਲਬਧ ਕਰਿਏ, ਪਰਤੂੰ ਆਪਣੇ ਗੁਆਂਢੀ ਦੀ ਸੰਪਤੀ ਧਨ-ਦੌਲਤ ਅਤੇ ਮਲਕੀਅਤ ਦੀ ਰਖਿਆ ਅਤੇ ਚੰਗੇਰਾ ਬਣਾਉਣ ਵਿਚ ਮਦੱਦ ਕਰਿਏ ਜਿਸ ਨਾਲ ਉਸਦੀ ਰਹਿਣੀ-ਬਹਿਣੀ ਵਿਚ ਵਾਧਾ ਹੋਵੇ।

### ਅਠਵਾਂ ਹੁਕਮ

**"ਤੂੰ ਆਪਣੇ ਗੁਆਂਢੀ ਦੇ ਵਿਰੁਧ ਝੂਠੀ ਗਵਾਹੀ ਨਾ ਦੇਣਾ"।**

### ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?

ਸਾਨੂੰ ਹਮੇਸ਼ਾ ਪਰਮੇਸ਼ਰ ਦਾ ਭੈ ਮੰਨਣਾਂ ਅਤੇ ਉਸ ਨਾਲ ਪਿਆਰ ਕਰਨਾ ਹੈ ਕਿਉਂ ਜੋ ਅਸੀਂ ਆਪਣੇ ਗੁਆਂਢੀ ਨੂੰ ਦਗਾ, ਉਸਦੀ ਬਦਖੋਈ ਅਤੇ ਉਸ ਬਾਰੇ ਝੂਠ ਨਾ ਬੋਲਿਏ ਪਰ ਉਸ ਦਾ ਬਚਾਉ ਕਰਿਏ ਉਸ ਦਾ ਪੱਕਾ ਪ੍ਰਮਾਣ ਦੇਇਏ ਅਤੇ ਉਸਦੇ ਵਰਤਾਉ ਦਾ ਦਿਆਲੂਤਾ ਨਾਲ ਵਰਣਨ ਕਰਿਏ ।

### ਨੌਂਵਾਂ ਹੁਕਮ

**"ਤੂੰ ਆਪਣੇ ਗੁਆਂਢੀ ਦੀ ਕਿਸੇ ਚੀਜ਼ ਦੀ ਲਾਲਸਾ ਨਾ ਕਰਨਾ":**

### ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?

ਸਾਨੂੰ ਹਮੇਸ਼ਾ ਪਰਮੇਸ਼ਰ ਦਾ ਭੈ ਮੰਨਣਾਂ ਅਤੇ ਉਸ ਨਾਲ ਪਿਆਰ ਕਰਨਾ ਹੈ ਕਿਉਂ ਜੋ ਅਸੀਂ ਆਪਣੇ ਗੁਆਂਢੀ ਦੀ ਸੰਪਤੀ ਨੂੰ ਹਥਿਆਉਣ ਦੀ ਸਾਜਸ਼ ਨਾ ਕਰਿਏ ਜਾਂ ਉਸਦੀ ਸੰਪਤੀ ਉਤੇ ਆਪਣਾ ਝੂਠਾ ਹਕ ਨਾ ਜਤਾਈਏ ਪਰ ਹਮੇਸ਼ਾ ਉਸ ਦੀ ਸੰਪਤੀ ਸੰਭਾਲਣ ਵਿਚ ਉਸ ਦੀ ਮਦਦ ਕਰਿਏ ।

### ਦਸਵਾਂ ਹੁਕਮ

**ਨਾ ਉਸ ਦੀ ਪਤਨੀ ਦੀ, ਨਾ ਨੌਕਰ ਜਾਂ ਨੌਕਰਾਣੀ ਦੀ, ਨਾ ਬਲਦ ਜਾਂ ਗਧੇ ਦੀ, ਅਤੇ ਨਾ ਉਸ ਦੀ ਕਿਸੇ ਹੋਰ ਚੀਜ਼ ਦੀ"।**

### ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?

ਸਾਨੂੰ ਹਮੇਸ਼ਾ ਪਰਮੇਸ਼ਰ ਦਾ ਭੈ ਮੰਨਣਾਂ ਅਤੇ ਉਸ ਨਾਲ ਪਿਆਰ ਕਰਨਾ ਹੈ ਕਿਉਂ ਜੋ ਅਸੀਂ ਆਪਣੇ ਗੁਆਂਢੀ ਦੀ ਪਤਨੀ ਅਤੇ ਉਸਦੇ ਕਾਮੇਆਂ ਨੂੰ ਫੁਸਲਾਉਣ ਜਾਂ ਵਰਗਲਾਉਣ ਦੀ ਕੋਸ਼ਿਸ਼ ਨਾਂ ਕਰਿਏ ਪਰ ਉਹਨਾਂ ਨੂੰ ਆਪਣੇ ਮਾਲਕ ਦੇ ਵਫ਼ਾਦਾਰ ਰਹਿਣ ਲਈ ਵਧਾਵਾ ਦੇਈਏ । ਪਰਮੇਸ਼ਰ ਸਾਡੀ ਤਾੜਨਾ ਕਰਦਾ ਹੈ ਕਿ ਉਹ ਸਭ ਜੋ ਪਰਮੇਸ਼ਰ ਦੀ ਆਗਿਆ ਦਾ ਉਲੰਘਣ ਕਰਨਗੇ ਉਹ ਦੰਢ ਭੋਗਣਗੇ; ਇਸ ਲਈ ਸਾਨੂੰ ਪਰਮੇਸ਼ਰ ਦੇ ਕ੍ਰੋਧ ਤੋਂ ਡਰਨਾ ਚਾਹਿਦਾ ਹੈ ਅਤੇ ਉਸਦੀ ਹੁਕਮ-ਅਦੂਲੀ ਨਹੀਂ ਕਰਨੀ ਹੈ ।

ਪਰ ਪਰਮੇਸ਼ਰ ਦੀ ਪ੍ਰਤਿਗਿਆ ਹੈ ਕਿ ਉਹ ਉਹਨਾਂ ਸਭ ਉਤੇ ਆਪਣੀ ਦਇਆ ਅਤੇ ਕਿਰਪਾ ਕਰਦਾ ਹੈ ਜੋ ਉਸ ਦੀ ਆਗਿਆਵਾਂ ਦਾ ਪਾਲਣ ਕਰਦੇ ਹਨ ।

ਇਸ ਲਈ ਸਾਨੂੰ ਪਰਮੇਸ਼ਰ ਨਾਲ ਪਿਆਰ ਕਰਨਾ ਹੈ ਅਤੇ ਉਸ ਤੇ ਪੁਰਾ ਭਰੋਸਾ ਰੱਖਣਾ ਹੈ ਅਤੇ ਖ਼ੁਸ਼ੀ ਨਾਲ ਉਸਦੇ ਹੁਕਮਾ ਦੀ ਪਾਲਣਾ ਕਰਣੀ ਹੈ ।

# ਦੂਜਾ ਭਾਗ

## ਰਸੂਲਾਂ ਦਾ ਅਕਿਦਾ

ਮੈਂ ਸਰਬਸ਼ਕਤੀਮਾਨ ਪਿਤਾ, ਪਰਮੇਸ਼ਰ ਵਿਚ ਵਿਸ਼ਵਾਸ ਕਰਦਾ ਹਾਂ ਜੋ ਕਿ ਸੁਰਗ ਅਤੇ ਧਰਤੀ ਦਾ ਰਚਨਾਹਾਰ ਹੈ ।
ਮੈਂ, ਉਸ ਦੇ ਇਕਲੌਤੇ ਪੁਤਰ, ਯਿਸੂ ਮਸੀਹ, ਸਾਡੇ ਪ੍ਰਭੂ ਵਿਚ ਵਿਸ਼ਵਾਸ ਕਰਦਾ ਹਾਂ ਜੋ ਪਵਿਤਰ ਆਤਮਾ ਦੇ ਦੁਆਰਾ ਗਰਭ ਧਾਰਨ ਹੋਇਆ ਅਤੇ ਕੁਆਰੀ ਮਰੀਯਮ ਤੋਂ ਪੈਦਾ ਹੋਇਆ ।
ਉਸ ਨੇ ਪੌਂਤਯੁਸ ਪਿਲਾਤੁਸ ਦੇ ਰਾਜ ਵਿਚ ਦੁਖ ਸਹਿਨ ਕੀਤਾ,
ਉਸ ਨੂੰ ਸਲੀਬ ਦਿਤਾ ਗਿਆ,
ਉਹ ਮੋਇਆ ਅਤੇ ਦਫਨਾਇਆ ਗਿਆ ;
ਉਹ ਨਰਕ ਵਿੱਚ ਉਤਰਿਆ।
ਤੀਸਰੇ ਦਿਨ ਮੁਰਦਿਆਂ ਵਿੱਚੋਂ ਦੁਬਾਰਾ ਜੀ ਉਠਿਆ,
ਉਹ ਆਸਮਾਨ ਤੇ ਚੜ ਗਿਆ ਅਤੇ ਉਹ ਸਰਬਸ਼ਕਤੀਮਾਨ ਪਿਤਾ
ਪਰਮੇਸ਼ਰ, ਦੇ ਸਜੇ ਹੱਥ ਬਿਰਾਜਮਾਨ ਹੈ ।
ਉਥੋਂ ਉਹ ਜੀਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਲਈ ਆਵੇਗਾ।
ਮੈਂ ਪਵਿਤਰ ਆਤਮਾ ਵਿੱਚ,
ਪਵਿਤਰ ਸਰਵ-ਵਿਆਪਕ ਕਲੀਸੀਆ ਵਿੱਚ,
ਸੰਤਾਂ ਦੀ ਸੰਗਤੀ ਵਿੱਚ,
ਪਾਪਾਂ ਦੀ ਮੁਆਫੀ, ਸਰੀਰ ਦੇ ਦੁਬਾਰਾ ਉਠਾਏ ਜਾਣ ਅਤੇ ਸਦੀਪਕ ਜੀਉਣ ਵਿੱਚ ਵਿਸ਼ਵਾਸ ਕਰਦਾਂ ਹਾਂ । ਆਮੀਨ

**ਇਸ ਅਕਿਦੇ ਨੂੰ ਕਿਨਿਆਂ ਲਿਖਤਾਂ ਵਿੱਚ ਵੰਡਿਆ ਗਿਆ ਹੈ ?**
ਇਸ ਅਕਿਦੇ ਨੂੰ ਤਿਨ ਲਿਖਤਾਂ ਵਿਚ ਵੰਡਿਆ ਗਿਆ ਹੈ ।

### ਪਹਿਲੀ ਲਿਖਤ

### ਪਰਮੇਸ਼ਰ ਰਚਨਾਹਾਰ

**ਮੈਂ ਸਰਬਸ਼ਕਤੀਮਾਨ ਪਿਤਾ, ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹਾਂ ਜੋ ਕਿ ਸਵਰਗ ਅਤੇ ਧਰਤੀ ਦਾ ਰਚਨਾਹਾਰ ਹੈ ।**
ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?
ਮੈਂ, ਵਿਸ਼ਵਾਸ ਕਰਦਾ ਹਾਂ ਕਿ ਪਰਮੇਸ਼ਰ ਨੇ ਮੈਂਨੂੰ ਅਤੇ ਸਭ ਕੁੱਝ ਜੋ ਇਸ ਸ੍ਰਿਸ਼ਟੀ ਵਿੱਚ ਹੈ ਉਸਦੀ ਰਚਣਾ ਕੀਤੀ ਹੈ ।
ਉਸਨੇ ਮੈਂਨੂੰ ਦੇਹ ਅਤੇ ਆਤਮਾ ਦਿਤੀ ਹੈ ਅਤੇ ਉਹ ਇਸਨੂੰ ਸੁਰਖਿਅਤ ਰੱਖਦਾ ਹੈ।
ਉਹ ਮੈਂਨੂੰ ਰੋਟੀ ਅਤੇ ਕੱਪੜੇ, ਘੱਰਬਾਰ, ਟੱਬਰ, ਪਰਵਾਰ, ਔਲਾਦ, ਸੰਤਾਨ, ਰੋਜ਼ੀ ਅਤੇ ਰੋਜ਼ ਮੱਰ੍ਹਾ ਦੀ ਹਰ ਜ਼ਰੂਰਤ ਪੂਰੀ ਕਰਦਾ ਹੈ ।
ਪਰਮੇਸ਼ਰ ਖਤਰੇ ਅਤੇ ਸੰਕਟ ਦੇ ਸਮੇ ਮੇਰੀ ਰੱਖਿਆ ਕਰਦਾ ਹੈ ਅਤੇ ਬੁਰਾਈ ਤੋਂ ਬੱਚਾ ਕੇ ਰੱਖਦਾ ਹੈ ।
ਉਹ, ਇਹ ਸਭ ਸਵਰਗੀਆ ਪਿਤਾ ਹੋਣ ਦੇ ਨਾਤੇ, ਆਪਣੀ ਦੈਵੀ ਭੱਲਾਈ ਅਤੇ ਦਿਆ ਕਰਕੇ ਕਰਦਾ ਹੈ, ਭਾਂਵੇ ਮੈਂ ਇਸ ਸਭ ਦਾ ਹੱਕਦਾਰ ਅਤੇ ਯੋਗ ਨਹੀਂ ਹਾਂ । ਇਸ ਲਈ ਮੈਂਨੂੰ ਹਮੇਸ਼ਾ ਪਰਮੇਸ਼ਰ ਦਾ ਧੰਨਵਾਦ, ਪ੍ਰਸ਼ੰਸਾ, ਉਸਦੀ ਸੇਵਾ ਅਤੇ ਉਸਦਾ ਹੁੱਕਮ ਮੰਨਣਾਂ ਹੈ ।
ਇਹ ਸਭ ਸੱਚ ਹੈ ।

## ਦੂਜੀ ਲਿਖਤ

ਮੈਂ, ਉਸ ਦੇ ਇਕਲੌਤੇ ਪੁਤਰ, ਯਿਸੂ ਮਸੀਹ, ਸਾਡੇ ਪ੍ਰਭੂ ਵਿਚ ਵਿਸ਼ਵਾਸ ਕਰਦਾ ਹਾਂ ਜੋ ਪਵਿੱਤਰ ਆਤਮਾ ਦੇ ਦੁਆਰਾ ਗਰਭ ਧਾਰਨ ਹੋਇਆ ਅਤੇ ਕੁਆਰੀ ਮਰੀਯਮ ਤੋਂ ਪੈਦਾ ਹੋਇਆ ।
ਉਸ ਨੇ ਪੌਂਤਯੁਸ ਪਿਲਾਤੁਸ ਦੇ ਰਾਜ ਵਿਚ ਦੁਖ ਸਹਿਨ ਕੀਤਾ,
ਉਸ ਨੂੰ ਸਲੀਬ ਦਿਤਾ ਗਿਆ,
ਉਹ ਮੋਇਆ ਅਤੇ ਦਫਨਾਇਆ ਗਿਆ ਸੀ ;
ਉਹ ਨਰਕ ਵਿਚ ਉਤਰਿਆ।
ਤੀਸਰੇ ਦਿਨ ਮੁਰਦਿਆਂ ਵਿਚੋਂ ਦੁਬਾਰਾ ਜੀ ਉਠਿਆ,
ਉਹ ਆਸਮਾਨ ਤੇ ਚੜ ਗਿਆ ਅਤੇ ਉਹ ਸਰਬਸ਼ਕਤੀਮਾਨ ਪਿਤਾ
ਪਰਮੇਸ਼ਰ, ਦੇ ਸਜੇ ਹੱਥ ਬਿਰਾਜਮਾਨ ਹੈ ।
ਉਥੋਂ ਉਹ ਜੀਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਲਈ ਆਵੇਗਾ।

### ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?

ਮੈਂ ਇਹ ਵਿਸ਼ਵਾਸ ਕਰਦਾ ਹਾਂ ਕਿ ਯਿਸ਼ੂ ਮਸੀਹ ਸੱਚਾ ਪਰਮੇਸ਼ਰ, ਪਿਤਾ ਤੋਂ ਅਨੰਤ ਕਾਲ ਤੋਂ ਜ਼ਾਰੀ ਅਤੇ ਅਨਾਦਿ ਹੈ, ਅਤੇ ਸੱਚਾ ਮਨੁੱਖ (ਮਨੁੱਖ ਦਾ ਪੁਤੱਰ) ਜੋ ਕੁੰਵਾਰੀ ਮਰੀਯਮ ਤੋਂ ਜਨਮਾ, ਮੇਰਾ ਪ੍ਰਭੂ ਹੈ, ਉਸ ਨੇ ਮੈਂਨੂੰ ਮੇਰੇ ਪਾਪਾਂ ਤੋਂ ਛੁਡਾ ਲਿਆ ਹੈ ।
ਮੈਂ ਜੋ ਕਿ ਇਕ ਗੁਆਚਾ ਅਤੇ ਨਕਾਰਿਆ ਵਿਅਕਤੀ ਹੈਂ, ਮੈਂਨੂੰ ਮੇਰੇ ਪਾਪਾਂ ਤੋਂ, ਮੌਤ ਤੋਂ ਅਤੇ ਸ਼ੈਤਾਨ ਦੇ ਸਾਰੇ ਅਧਿਕਾਰ ਤੋਂ ਛੁਡਾ ਲਿਆ; ਸੋਨਾ ਚਾਂਦੀ ਨਾਲ ਨਹੀਂ ਪਰ ਆਪਣੇ ਪਵਿੱਤਰ ਅਤੇ ਅਨਮੋਲ ਲਹੂ ਨਾਲ ਜੋ ਕੀ ਉਸ ਨੇ ਆਪਣੇ ਨਿਰਦੋਸ਼ ਦੂਖਾਂ ਅਤੇ ਮੌਤ ਭੋਗਣ ਨਾਲ ਬਹਾਇਆ, ਤਾਕੀ ਮੈਂ ਉਸ ਦਾ ਹੀ ਹੋਕੇ ਉਸ ਦੇ ਰਾਜ ਵਿਚ ਉਸ ਨਾਲ ਸਦੀਵੀ ਜੀਵਨ ਜੀ ਸਕਾਂ ਅਤੇ ਉਸ ਦੀ ਸਦੀਵੀ ਸਚਿਆਈ, ਮਾਸੂਮੀਅਤ ਅਤੇ ਪਵਿੱਤਰਤਾ ਵਿੱਚ ਸੇਵਾ ਕਰ ਸਕਾਂ । ਜਿਸ ਤਰ੍ਹਾਂ ਉਹ ਮੁਰਦਿਆਂ ਵਿਚੋ ਜੀ ਉਠਿਆ ਸਦਾ ਲਈ ਜਿਉਂਦਾ ਹੈ ਅਤੇ ਅੰਨਤਕਾਲ ਤਕ ਰਾਜ ਕਰਦਾ ਹੈ ।
ਇਹ ਸੱਚ ਹੈ ।

## ਤੀਜੀ ਲਿਖਤ

ਮੈਂ ਪਵਿੱਤਰ ਆਤਮਾ ਵਿੱਚ,
ਪਵਿੱਤਰ ਸਰਵ-ਵਿਆਪਕ ਕਲੀਸੀਆ ਵਿੱਚ,
ਸੰਤਾਂ ਦੀ ਸੰਗਤੀ ਵਿੱਚ,
ਪਾਪਾਂ ਦੀ ਮੁਆਫੀ,
ਸਰੀਰ ਦੇ ਦੁਬਾਰਾ ਉਠਾਏ ਜਾਣ ਅਤੇ ਸਦੀਪਕ ਜੀਉਣ ਵਿੱਚ ਵਿਸ਼ਵਾਸ ਕਰਦਾਂ ਹਾਂ । ਆਮੀਨ

### ਇਸ ਦਾ ਸਾਡੇ ਵਾਸਤੇ ਕੀ ਅਰਥ ਹੈ?

ਮੈਂ ਇਹ ਵਿਸ਼ਵਾਸ ਕਰਦਾ ਹਾਂ ਕਿ ਮੈਂ ਆਪਣੇ ਕਿਸੇ ਵਿਵੇਕ, ਦਿਮਾਗੀ-ਸੰਤੁਲਨ ਜਾਂ ਆਪਣੀ ਸ਼ਕਤੀ ਦੁਆਰਾ ਆਪਣੇ ਪ੍ਰਭੂ ਯਿਸ਼ੂ ਮਸੀਹ ਤੇ ਵਿਸ਼ਵਾਸ ਨਹੀਂ ਲਿਆ ਸੱਕਦਾ ਜਾਂ ਉਸ ਕੋਲ ਆ ਸੱਕਦਾ ਹਾਂ; ਪਰ ਪਵਿੱਤਰ ਆਤਮਾ ਨੇ ਉਸਦੇ ਵਚਨ ਦੀ ਖੁਸ਼ ਖਬਰੀ ਦੁਆਰਾ ਮੈਨੂੰ ਬੁਲਾਇਆ ਹੈ, ਆਪਣੇ ਪ੍ਰਬੁੱਧ ਨਾਲ ਆਸੀਸਿਤ ਕੀਤਾ, ਪਵਿੱਤਰ ਕਰਕੇ ਸੱਚੇ ਵਿਸ਼ਵਾਸ ਵਿੱਚ ਬਰਕਰਾਰ ਰੱਖਿਆ ਹੈ । ਇਸੇ ਤਰ੍ਹਾਂ ਉਹ ਧਰਤੀ ਤੇ ਆਪਣੇ ਪੂਰਨ ਚਰਚ (ਕਲੀਸੀਆ) ਨੂੰ ਬੁਲਾਉਂਦਾ,ਇਕੱਠਾ ਕਰਦਾ, ਆਪਣੇ ਪ੍ਰੇਮ ਦੇ ਗਿਆਨ ਦਾ ਪ੍ਰਕਾਸ਼ ਦਿੰਦਾ, ਪਵਿੱਤਰ ਕਰਦਾ ਹੈ ਅਤੇ ਮਸੀਹ ਦੇ ਨਾਲ ਇਕ ਸੱਚੇ ਵਿਸ਼ਵਾਸ ਵਿੱਚ ਕਾਇਮ ਰੱਖਦਾ ਹੈ ।
ਇਸ ਆਪਣੀ ਕਲੀਸੀਆ ਵਿੱਚ ਉਹ ਹਰ ਰੋਜ਼ ਮੈਨੂੰ ਅਤੇ ਸਾਰੇ ਵਿਸ਼ਵਾਸੀਆਂ ਨੂੰ ਉਹ ਪਾਪਾਂ ਦੀ ਪੂਰੀ ਤਰ੍ਹਾਂ ਮਾਫ਼ੀ ਦਿੰਦਾ ਹੈ ।
ਪਰਲੋ ਦੇ ਦਿਨ (ਕਿਆਮਤ) ਉਹ ਮੈਂਨੂੰ ਅਤੇ ਬਾਕੀ ਸਾਰੇ ਮੁਰਦਿਆਂ ਨੂੰ ਜ਼ਿੰਦਾ ਕਰੇਗਾ, ਮੈਂਨੂੰ ਅਤੇ ਸਾਰੇ ਮਸੀਹੀ ਵਿਸ਼ਵਾਸੀਆਂ ਨੂੰ ਅੰਨਤ ਜੀਵਨ ਦੇਵੇਗਾ ।
ਇਹ ਸੱਚ ਹੈ ।

# ਤੀਜਾ ਭਾਗ

## ਪ੍ਰਭੂ ਦੀ ਪ੍ਰਾਰਥਨਾਂ

**ਪ੍ਰਭੂ ਦੀ ਪ੍ਰਾਰਥਨਾਂ**
ਹੇ ਪਿਤਾ, ਤੂੰ ਜੋ ਸਵਰਗ ਵਿੱਚ ਹੈ,
ਤੇਰਾ ਨਾਂ ਪਵਿੱਤਰ ਮੰਨਿਆ ਜਾਵੇ,
ਤੇਰਾ ਰਾਜ ਆਏ,
ਤੇਰੀ ਇਛਾ, ਜਿਸ ਤਰ੍ਹਾਂ ਸਵਰਗ ਵਿੱਚ ਪੂਰੀ ਹੁੰਦੀ ਹੈ, ਧਰਤੀ ਤੇ ਵੀ ਪੂਰੀ ਹੋਵੇ ।
ਸਾਡੀ ਅਜ ਦੀ ਰੋਟੀ ਸਾਨੂੰ ਦੇਹ।
ਸਾਡੀਆਂ ਗਲਤੀਆਂ ਸਾਨੂੰ ਮਾਫ਼ ਕਰ, ਜਿਸ ਤਰ੍ਹਾਂ ਅਸੀਂ ਆਪਣੇ ਗਲਤੀਆਂ ਕਰਨ ਵਾਲਿਆਂ ਨੂੰ ਮਾਫ਼ ਕੀਤਾ ਹੈ ।
ਸਾਨੂੰ ਪਰਤਾਵੇ ਵਿਚ ਨਾ ਪੈਣ ਦੇ,
ਸਗੋਂ ਸਾਨੂੰ ਬੁਰੇ ਤੋਂ ਬਚਾ ।
ਕਿਉਂਕਿ ਰਾਜ, ਸ਼ਕਤੀ ਅਤੇ ਮਹਿਮਾ ਸਦਾ ਤੇਰੇ ਹੀ ਹਨ ।ਆਮੀਨ

### ਭੂਮਿਕਾ

**ਹੇ ਪਿਤਾ, ਤੂੰ ਜੋ ਸਵਰਗ ਵਿਚ ਹੈ,**
**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**
**ਜਵਾਬ:**
ਸ਼ਾਨੂੰ ਪਰਮੇਸ਼ਰ ਇਹ ਉਤਸਾਹ ਅਤੇ ਹੌਸਲਾ ਦਿੰਦਾ ਹੈ ਕਿ ਅਸੀਂ ਸਚਮੁਚ ਇਹ ਵਿਸ਼ਵਾਸ ਕਰਿਏ ਕੀ ਉਹ ਸਾਡਾ ਪਿਤਾ ਅਤੇ ਅਸੀਂ ਉਸਦੇ ਬੱਚੇ ਹਾਂ । ਇਸ ਲਈ ਸਾਨੂੰ ਉਸ ਤੇ ਪੂਰਾ ਭਰੋਸਾ ਅਤੇ ਯਕੀਨ ਕਰਕੇ ਪ੍ਰਾਰਥਨਾਂ ਕਰਨੀ ਚਾਹਿਦੀ ਹੈ ਜਿਸ ਤਰ੍ਹਾਂ ਬੱਚੇ ਆਪਣੇ ਪਿਤਾ ਨਾਲ ਪਿਆਰ ਨਾਲ ਬਾਤਚੀਤ ਕਰਦੇ ਹਨ ।

### ਪਹਿਲੀ ਬੇਨਤੀ

**ਤੇਰਾ ਨਾਂ ਪਵਿਤਰ ਮੰਨਿਆ ਜਾਵੇ,**
**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**
**ਜਵਾਬ:**
ਪਰਮੇਸ਼ਰ ਦਾ ਨਾਂ ਆਪਣੇਂ ਆਪ ਵਿਚ ਹੀ ਪਵਿੱਤਰ ਹੈ, ਪਰ ਅਸੀਂ ਇਸ ਪ੍ਰਾਰਥਨਾਂ ਵਿਚ ਇਹ ਬੇਨਤੀ ਕਰਦੇ ਹੈਂ ਕਿ ਅਸੀਂ ਉਸਦੇ ਨਾਮ ਨੂੰ ਪਵਿੱਤਰ ਰਖਿਏ ।
ਇਹ ਕਦੋਂ ਹੁੰਦਾ ਹੈ ?
ਪਰਮੇਸ਼ਰ ਦਾ ਨਾਮ ਪਵਿਤਰ ਮੰਨਿਆ ਜਾਂਦਾ ਹੈ ਜਦੋਂ ਜਦੋਂ  ਉਸਦਾ ਵਚਨ ਸਚਾਈ ਅਤੇ ਪਵਿੱਤਰਤਾ ਵਿੱਚ ਸਿਖਾਇਆ ਜਾਂਦਾ ਹੈ ਅਤੇ ਅਸੀਂ ਪਰਮੇਸ਼ਰ ਦੇ ਬੱਚੇ ਹੋਂਦੇ ਹੋਵੇ ਉਸ ਦੇ ਵਚਨ ਨਾਲ ਸੁਰ-ਸੰਗਤੀ ਵਿੱਚ ਜੀਵਣ ਜਿਉਂਦੇ ਹੈ ।
ਸਾਡੇ ਸਵਰਗੀਏ ਪਿਤਾ, ਸਾਡੀ ਇਹ ਕਰਨ ਵਿੱਚ ਮਦਦ ਕਰ ।
ਪਰ ਜੇ ਕਰ ਕੋਈ ਪਰਮੇਸ਼ਰ ਦੇ ਵੱਚਨ ਦੇ ਉਲਟ ਚਲਦਾ ਜਾਂ ਸਿੱਖਿਆ ਦਿੰਦਾ ਹੈ ਉਹ ਹਰ ਕੋਈ ਪਰਮੇਸ਼ਰ ਦੇ ਨਾਮ ਨੂੰ ਅਪਮਾਨਿਤ ਕਰਦਾ ਹੈ ।
ਸਾਡੇ ਸਵਰਗੀਏ ਪਿਤਾ, ਸਾਨੂੰ ਤੂੰ ਇਸ ਤੋ ਬਚਾ ।

## ਦੂਜੀ ਬੇਨਤੀ

**ਤੇਰਾ ਰਾਜ ਆਏ,**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

**ਜਵਾਬ:**

ਪਰਮੇਸ਼ਰ ਦਾ ਰਾਜ ਤਾਂ ਜ਼ਰੂਰ ਆਉਦਾ ਹੈ ਇਹ ਸਾਡੇ ਪ੍ਰਾਰਥਨਾ ਕੀਤੇ ਤੋਂ ਬਾਵਜੂਦ ਵੀ ਆ ਰਹਿ ਹੈ, ਪਰ ਅਸੀਂ ਇਹ ਪ੍ਰਾਰਥਨਾ ਕਰ ਰਹਿ ਹਨ ਕਿ ਇਹ ਰਾਜ ਸਾਡੇ ਵਿਚ ਵੀ ਆ ਜਾਵੇ ।

ਇਹ ਕਦੋਂ ਹੁੰਦਾ ਹੈ ?

ਪਰਮੇਸ਼ਰ ਦਾ ਰਾਜ ਸਾਡੇ ਵਿਚ ਉਸ ਸਮਾਂ ਆਉਦਾ ਹੈ ਜਦੋਂ ਸਾਡਾ ਸਵਰਗੀਆ ਪਿਤਾ ਪਰਮੇਸ਼ਰ ਸਾਨੂੰ ਆਪਣਾਂ ਪਵਿੱਤਰ ਆਤਮਾ ਦਿੰਦਾ ਹੈ, ਤਾਂ ਜੋ ਉਸ ਦੀ ਦਿਆ ਨਾਲ ਅਸੀਂ ਉਸ ਦੇ ਪਵਿੱਤਰ ਵਚਨ ਉਤੇ ਵਿਸ਼ਵਾਸ ਕਰਿਏ ਅਤੇ ਅਸੀਂ ਹੁਨ ਇਸ ਧਰਤੀ ਉਪਰ ਅਤੇ ਸਵਰਗ ਵਿਚ ਹਮੇਸ਼ਾ ਲਈ ਇਕ ਪਵਿੱਤਰ ਜੀਵਨ ਜੀਏ ।

## ਤੀਜੀ ਬੇਨਤੀ

**ਤੇਰੀ ਇਛਾ, ਜਿਸ ਤਰ੍ਹਾਂ ਸਵਰਗ ਵਿਚ ਪੂਰੀ ਹੁੰਦੀ ਹੈ, ਧਰਤੀ ਤੇ ਵੀ ਪੂਰੀ ਹੋਵੇ ।**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

**ਜਵਾਬ:**

ਪਰਮੇਸ਼ਰ ਦੀ ਪਵਿੱਤਰ ਅਤੇ ਕਿਰਪਾਲੂ ਇਛਾ ਸਾਡੀ ਪ੍ਰਾਰਥਨਾ ਤੋਂ ਬਗੈਰ ਵੀ ਹੁੰਦੀ ਹੀ ਹੈ, ਪਰ ਅਸੀਂ ਇਸ ਪ੍ਰਾਰਥਨਾ ਦੁਆਰਾ ਇਹ ਬੇਨਤੀ ਕਰਦੇ ਹੈ ਕਿ ਇਹ ਤੇਰੀ ਇਛਾ ਸਾਡੇ ਵਿਚ ਵੀ ਪੂਰੀ ਹੋਵੇ ।

ਪਰਮੇਸ਼ਰ ਦੀ ਇਛਾ ਕਿਸ ਤਰ੍ਹਾਂ ਪੂਰੀ ਹੁੰਦੀ ਹੈ ?

ਪਰਮੇਸ਼ਰ ਦੀ ਇਛਾ ਸੈਤਾਨ ਦੇ ਸਾਰੇ ਕੰਮ ਅਤੇ ਉਦੇਸ਼, ਇਸ ਸੰਸਾਰ ਅਤੇ ਸਾਡੇ ਬੁਰੇ ਸੁਭਾਅ ਨੂੰ ਪੂਰੀ ਤਰ੍ਹਾਂ ਨਸ਼ਟ ਕਰਨ ਨਾਲ ਪੂਰੀ ਹੁੰਦੀ ਹੈ ।ਇਹ ਸਭ ਸਾਨੂੰ ਉਸ ਦੇ ਪਵਿੱਤਰ ਨਾਮ ਅਤੇ ਰਾਜ ਨੂੰ ਆਉਣ ਵਿੱਚ ਰੁਕਾਵਟ ਪਾਉਂਦੇ ਹਨ ।

ਉਹ ਸਾਨੂੰ ਆਪਣੇ ਵਚਨ ਅਤੇ ਵਿਸ਼ਵਾਸ ਵਿੱਚ ਮਜ਼ਬੂਤ ਬਣਾਉਂਦਾ ਹੈ ਜਦ ਤਕ ਮਰ ਨਹੀਂ ਜਾਂਦੇ ।

ਇਹ ਉਸ ਦੀ ਭਲੀ ਅਤੇ ਕਿਰਪਾਲੂ ਇਛਾ ਹੈ ।

## ਚੌਥੀ ਬੇਨਤੀ

**ਸਾਡੀ ਅਜ ਦੀ ਰੋਟੀ ਸਾਨੂੰ ਦੇਹ।**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

**ਜਵਾਬ:**

ਪਰਮੇਸ਼ਰ ਸਭ ਨੂੰ ਰੋਜ਼ ਦੀ ਰੋਟੀ ਤਾਂ ਬਿਨ੍ਹਾਂ ਸਾਡੇ ਮੰਗੇਂ ਹੀ ਦਿੰਦਾ ਹੈ, ਇਥੋਂ ਤਕ ਕਿ ਜੋ ਬੁਰਾਈ ਵੀ ਕਰਦੇ ਹਨ, ਪਰ ਅਸੀਂ ਇਹ ਪ੍ਰਾਰਥਨਾ ਇਸ ਲਈ ਕਰਦੇ ਹਾਂ ਕੀ ਪਰਮੇਸ਼ਰ ਸਾਨੂੰ ਇਹ ਸਿੱਖਾਨਾ ਚਾਹਉਂਦਾ ਹੈ ਕੀ ਅਸੀਂ ਸਭ ਕੁਝ ਉਸ ਤੋਂ ਹੀ ਪ੍ਰਾਪਤ ਕਰਦੇ ਹਾਂ ਅਤੇ ਸਾਨੂੰ ਇਹ ਸਭ ਸ਼ੁਕਰਗੁਜ਼ਾਰੀ ਨਾਲ ਸਵੀਕਾਰ ਕਰਨਾ ਚਾਹੀਦਾ ਹੈ ।

ਅਜ ਦੀ ਰੋਟੀ ਦਾ ਕੀ ਅਰਧ ਹੈ ?

ਅਜ ਦੀ ਰੋਟੀ ਵਿਚ ਉਹ ਸਭ ਸ਼ਾਮਿਲ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਸਹਾਰਾ ਅਤੇ ਆਸਰਾ ਦਿੰਦੇ ਹਨ, ਜਿਂਵੇ ਸਾਡੀ ਰੋਜ਼ੀ, ਅਤੇ ਸਰੀਰਿਕ ਜ਼ਰੂਰਤਾਂ ਲਈ ਭੋਜਨ, ਕੱਪੜੇ, ਘਰ, ਮਕਾਨ, ਜ਼ਮੀਨ, ਪਸ਼ੂ, ਮੁਦਰਾ, ਮਾਲ, ਪਦਾਰਥ, ਇਕ ਧਰਮੀ ਪਤਨੀ ਜਾਂ ਪਤੀ, ਧਰਮੀ ਬੱਚੇ, ਸਰਪਾਲੂ ਅਤੇ ਵਫਾਦਾਰ ਸ਼ਾਸਕ, ਚੰਗੀ ਸਰਕਾਰ, ਚੰਗਾ ਮੌਸਮ, ਸ਼ਾਂਤੀ, ਸਿਹਤ, ਆਤਮ-ਨਿਯੰਤ੍ਰਨ, ਪ੍ਰਸਿੱਧੀ, ਚੰਗੇ ਦੋਸਤ-ਮਿਤੱਰ, ਚੰਗੇ ਗੁਆਂਢੀ ਆਦਿ ।

## ਪੰਜਵੀ ਬੇਨਤੀ

**ਸਾਡੀਆਂ ਗਲਤੀਆਂ ਸਾਨੂੰ ਮਾਫ਼ ਕਰ, ਜਿਸ ਤਰ੍ਹਾਂ ਅਸੀਂ ਆਪਣੇ ਗਲਤੀਆਂ ਕਰਨ ਵਾਲਿਆਂ ਨੂੰ ਮਾਫ਼ ਕੀਤਾ ਹੈ ।**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

**ਜਵਾਬ:**

ਅਸੀਂ ਇਸ ਬੇਨਤੀ ਦੁਆਰਾ ਇਹ ਮੰਗਦੇ ਹੈ ਕਿ ਸਾਡਾ ਸਵਰਗਿਆ ਪਿਤਾ ਸਾਡੇ ਪਾਪ ਸਾਡੇ ਵਿਰੁਥ ਨਾਂ ਰੱਖੇ ਅਤੇ ਉਹਨਾਂ ਦੇ ਕਰਕੇ ਸਾਡੀ ਪ੍ਰਾਰਥਨਾ ਨੂੰ ਅਸਵਿਕਾਰ ਨਾਂ ਕਰੇ ।

ਅਤੇ ਇਹ ਪ੍ਰਾਰਥਨਾ ਕਰਦੇ ਹਨ ਕਿ ਉਹ ਆਪਣੀ ਵੱਡੀ ਕਿਰਪਾ ਦੁਆਰਾ ਸਾਨੂੰ ਜ਼ਿੰਦਗੀ ਦੀ ਹਰ ਜ਼ਰੂਰਾਤ ਪੂਰੀ ਕਰੇ । ਕਿਉਂਕੀ ਅਸੀਂ ਹਰ ਰੋਜ਼ ਅਤੇ ਹਰ ਵੇਲੇ ਪਾਪ ਕਰਦੇ ਹਨ ਅਤੇ ਅਸੀਂ ਕੇਵਲ ਪਰਮੇਸ਼ਰ ਦੇ ਦੰਢ ਦੇ ਯੋਗ ਹੀ ਹੈਂ । ਇਸ ਲਈ ਅਸੀ ਵੀ ਆਪਣੇ ਦਿਲੋਂ ਅਤੇ ਖੁਸ਼ੀ ਨਾਲ ਉਹਨਾਂ ਸਭਾਂ ਲਈ ਜੋ ਸਾਡੇ ਵਿਰੁਥ ਪਾਪ ਕਰਦੇ ਹਨ, ਭਲਿਆਈ ਕਰਿਏ ।

## ਛੇਂਵੀ ਬੇਨਤੀ

**ਸਾਨੂੰ ਪਰਤਾਵੇ ਵਿਚ ਨਾ ਪੈਣ ਦੇ,**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

**ਜਵਾਬ:**

ਪਰਮੇਸ਼ਰ ਕਿਸੇ ਨੂੰ ਪਰਤਾਵੇ ਵਿੱਚ ਨਹੀਂ ਪਾਉਂਦਾ ਕਿ ਉਹ ਪਾਪ ਕਰੇ ਪਰ ਅਸੀਂ ਇਸ ਪ੍ਰਾਰਥਨਾ ਦੁਆਰਾ ਇਹ ਬੇਨਤੀ ਕਰਦੇ ਹੈ ਕਿ ਪਰਮੇਸ਼ਰ ਸਾਨੂੰ ਹਮੇਸ਼ਾ ਆਪਣੀ ਨਿਗਾਹਬਾਨੀ ਵਿੱਚ ਰੱਖੇ ਅਤੇ ਸਾਨੂੰ ਸ਼ੇਤਾਨ ਦੇ ਹਮਲੇ, ਦੁਨਿਆਦਾਰੀ ਤੋਂ, ਅਤੇ ਆਪਣੇ ਆਪ ਦੇ ਪਾਪੀ ਸੁਭਾਓ  ਜੋ ਸਾਨੂੰ ਅੰਧ ਵਿਸ਼ਵਾਸ ਵਲ, ਨਿਰਾਸ਼ਾ ਅਤੇ ਦੂਜੇ ਵੱਡੇ ਸ਼ਰਮਨਾਕ ਪਾਪਾਂ ਵਲ ਖਿੱਚ ਲੈ ਜਾਂਦਾ ਹੈ ਸਾਨੂੰ ਬੱਚਾਕੇ ਰੱਖੇ । ਅਤੇ ਅਸੀਂ ਇਹ ਪ੍ਰਾਰਥਨਾ ਕਰਦੇ ਹਨ ਕਿ ਜਦੋਂ ਅਸੀ ਪਰਤਾਵੇ ਵਿੱਚ ਵੀ ਪੈ ਜਾਂਦੇ ਹੈਂ ਤਾਂ ਫਿਰ ਵੀ ਅੱਤਿਮ ਜਿੱਤ ਸਾਡੀ ਹੀ ਹੋਵੇ ।

## ਸਤਵੀਂ ਬੇਨਤੀ

**ਸਗੋਂ ਸਾਨੂੰ ਬੁਰੇ ਤੋਂ ਬਚਾ ।**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

**ਜਵਾਬ:**

ਇਸ ਸਮਾਵੇਸ਼ੀ ਪ੍ਰਾਰਥਨਾ ਵਿੱਚ ਅਸੀਂ ਇਹ ਮੰਗਦੇ ਹੈਂ ਕਿ ਸਾਡਾ ਸਵਰਗਿਆ ਪਿਤਾ ਹਰ ਬੁਰਿਆਈ ਤੋਂ ਸਾਡੀ ਦੇਹ ਅਤੇ ਆਤਮਾ ਨੂੰ ਬੱਚਾਏ ਰੱਖੇ, ਅਤੇ ਸਾਡੀ ਅੰਤਿਮ ਘੜੀ ਵਿੱਚ ਸਾਨੂੰ ਆਪਣੀ ਵੱਡੀ ਦਿਆ ਅਤੇ ਰਹਿਮ ਨਾਲ ਸਾਨੂੰ ਇਸ ਸੰਸਾਰ ਦੇ ਸਭ ਦੁਖਾਂ ਵਿੱਚੋਂ ਕਡ ਕੇ ਆਪਣੇ ਕੋਲ ਸੁਰਗ ਵਿੱਚ ਲੈ ਲਵੇ ।

## ਅਕਾਲ-ਉਸਤਤ

**ਕਿਉਂਕਿ ਰਾਜ, ਸ਼ਕਤੀ ਅਤੇ ਮਹਿਮਾ ਸਦਾ ਤੇਰੇ ਹੀ ਹਨ ।ਆਮੀਨ**

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

**ਜਵਾਬ:**

ਅਸੀਂ **ਆਮੀਨ** ਇਸ ਲਈ ਕਹਿਦੇ ਹੈ ਕਿਉਕਿ ਅਸੀਂ ਇਹ ਪੱਕਾ ਵਿਸ਼ਵਾਸ ਕਰਦੇ ਹਨ ਕਿ ਸਾਡਿਆ ਪ੍ਰਾਰਥਨਾਵਾਂ ਸਾਡੇ ਸਵਰਗਿਐ ਪਿਤਾ ਨੂੰ ਭਾਉਣ ਦਿਆਂ ਹਨ ਅਤੇ ਇਹ ਸਭ ਉਸ ਨੂੰ ਸਵੀਕਾਰ ਹੋਣ ਦੀਆਂ ਹਨ । ਕਿਉਂਕੀ ਉਸਨੇ ਆਪ ਸਾਨੂੰ ਇਸ ਤਰ੍ਹਾਂ ਪ੍ਰਾਰਥਨਾ ਕਰਨਾ ਸਿਖਾਇਆ ਹੈ ਅਤੇ ਸਾਡੇ ਨਾਲ ਇਹ ਪਰਤਿਗਿਆ ਕੀਤੀ ਹੈ ਕਿ ਉਹ ਆਪ ਸਾਡੀਆਂ ਪ੍ਰਾਰਥਨਵਾਂ ਸੁਨਦਾ ਹੈ ।

**"ਆਮੀਨ"** ਦਾ ਕੀ ਅਰਥ ਹੈ ?

**ਜਵਾਬ:**

ਆਮੀਨ ਦਾ ਅਰਧ ਇਹ ਹੈ ਕਿ, 'ਹਾਂ, ਏਵੇਂ ਹੀ ਹੋਵੇ ' ॥

# ਚੌਥਾ ਭਾਗ

## ਕਿਰਪਾ ਦੇ ਵਸੀਲੇ

### ਬਪਤਿਸਮਾਂ

### ੧

### ਬਪਤਿਸਮੇ ਦਾ ਪ੍ਰਕਿਰਤੀ ਗੁਣ

**ਬਪਤਿਸਮਾਂ ਕੀ ਹੈ ?**

**ਜਵਾਬ :**

ਬਪਤਿਸਮਾਂ ਕੇਵਲ ਪਾਣੀ ਹੀ ਨਹੀਂ ਹੈ, ਪਰ ਇਹ ਪਾਣੀ ਦੇ ਨਾਲ ਪਰਮੇਸ਼ਰ ਦਾ ਵੱਚਨ ਵੀ ਸ਼ਾਮਿਲ ਹੈ ਅਤੇ ਇਹ ਉਸਨੇ ਆਪ ਸਾਨੂੰ ਹੁੱਕਮ ਦੀਤਾ ਹੈ ਕਿ ਅਸੀਂ ਇਸ ਤਰ੍ਹਾਂ ਹੀ ਕਰਿਏ ।

**ਇਹ ਪਰਮੇਸ਼ਰ ਦਾ ਵੱਚਣ ਕੀ ਹੈ ?**

**ਜਵਾਬ :**

ਸੰਤ ਮਤੀ ਦੇ ਸ਼ੁਭ ਸਮਾਚਾਰ ੨੮ ਅਧਿਆਇ ਵਿੱਚ ਸਾਡੇ ਪ੍ਰਭੂ ਯਿਸ਼ੂ ਮਸੀਹ ਨੇ ਆਪ ਕਹਿਆ, " ਇਸ ਲਈ ਜਾਓ, ਸਭ ਕੌਮਾਂ ਨੂੰ ਚੇਲੇ ਬਣਾਉ, ਉਹਨਾਂ ਨੂੰ ਪਿਤਾ, ਪੁੱਤਰ ਤੇ ਪਵਿੱਤਰ ਆਤਮਾ ਦੇ ਨਾਂ ਦਾ ਬਪਤਿਸਮਾਂ ਦਿਓ "।

**ਕਿ ਬਪਤਿਸਮੇ ਰਾਹੀ ਸਾਨੂੰ ਪਰਮੇਸ਼ਰ ਦੀ ਭਲਾਈ ਮਿਲਦੀ ਹੈ ?**

ਬਪਤਿਸਮੇ ਰਾਹੀਂ ਪਰਮੇਸ਼ਰ ਸਾਡੇ ਪਾਪ ਸ਼ੱਮਾ ਕਰਦਾ ਹੈ, ਸਾਨੂੰ ਮੌਤ ਅਤੇ ਸ਼ੈਤਾਨ ਤੋਂ ਮੁਕਤੀ ਅਤੇ ਰਿਹਾਈ ਦਿੰਦਾ ਹੈ । ਅਤੇ ਉਹਨਾਂ ਸਭ ਨੂੰ ਜੋ ਇਸ ਤੇ ਵਿਸ਼ਵਾਸ ਕਰਦੇ ਹਨ ਉਹ ਸਦੀਵੀ ਮੁਕਤੀ ਦਿੰਦਾ ਹੈ, ਇਹ ਉਸਦਾ ਵਾਇਦਾ ਹੈ ।

**ਪਰਮੇਸ਼ਰ ਦਾ ਵਾਇਦਾ ਕੀ ਹੈ ?**

**ਜਵਾਬ :**

ਸੰਤ ਮਰਕੁਸ ਦੇ ਸ਼ੁਭ ਸਮਾਚਾਰ ੧੬ ਅਧਿਆਇ ਵਿੱਚ ਸਾਡੇ ਪ੍ਰਭੂ ਯਿਸ਼ੂ ਮਸੀਹ ਨੇ ਆਪ ਕਹਿਆ: "ਉਹ ਜਿਹੜਾ ਵਿਸ਼ਵਾਸ ਕਰੇ ਅਤੇ ਬਪਤਿਸਮਾ ਲਵੇ, ਬਚਾਇਆ ਜਾਵੇਗਾ । ਪਰ ਉਹ ਜਿਹੜਾ ਵਿਸ਼ਵਾਸ ਨਾ ਕਰੇ, ਉਹ ਦੋਸ਼ੀ ਠਹਿਰੇਗਾ ।"

**ਕੀ ਪਾਣੀ ਏੜਾ ਵੱਡਾ ਕਮ ਕਰ ਸਕਦਾ ਹੈ ?**

**ਜਵਾਬ :**

ਨਹੀਂ ਪਾਣੀ ਇਹ ਮਹਾਨ ਕੰਮ ਨਹੀਂ ਕਰਦਾ ਹੈ ਪਰ ਇਸ ਪਾਣੀ ਦੇ ਨਾਲ ਜੋ ਪਰਮੇਸ਼ਰ ਦਾ ਵਚਨ ਹੈ ਅਤੇ ਉਸ ਦੇ ਨਾਲ ਸਾਡਾ ਵਿਸ਼ਵਾਸ ਇਹ ਮਹਾਨ ਕੰਮ ਕਰਦਾ ਹੈ ।

ਪਾਣੀ ਤਾਂ ਕੇਵਲ ਪਾਣੀ ਹੀ ਹੈ ਪਰ ਪਰਮੇਸ਼ਰ ਦੇ ਵਚਨ ਦੇ ਨਾਲ ਇਹ ਪਾਣੀ ਜੀਵਣ ਦੇਣ ਵਾਲਾ ਪਾਣੀ ਬਣ ਜਾਉਂਦਾ ਹੈ ਜਿਹੜਾ ਕੀ ਪਰਮੇਸ਼ਰ ਦੀ ਕਿਰਪਾ ਨਾਲ ਅਤੇ ਪਵਿੱਤਰ ਆਤਮਾ ਦੇ ਰਾਹੀ ਨਵਾਂ ਜਨਮ ਅਤੇ ਜੀਵਣ ਦਿੰਦਾ ਹੈ ।

ਸੰਤ ਪੌਲੁਸ ਤੀਤੁਸ ਦੇ ਤੀਜੇ ਅਧਿਆਏ ਵਿਚ ਇਸ ਤਰ੍ਹਾਂ ਲਿਖਦੇ ਹਨ: "ਤਾਂ ਉਸ ਨੇ ਸਾਨੂੰ ਬਚਾਇਆ । ਇਹ ਸਾਡੇ ਕਿਸੇ ਭਲੇ ਕੰਮਾਂ ਦਾ ਸਦਕਾ ਨਹੀਂ ਸੀ, ਸਗੋਂ ਇਸ ਲਈ ਕਿ ਉਹ ਆਪ ਦਇਆਵਾਨ ਹੈ । ਅਸੀਂ ਧੋਤੇ ਜਾਣ ਦੇ ਰਾਹੀਂ ਨਵਾਂ ਜਨਮ ਪ੍ਰਾਪਤ ਕੀਤਾ ਅਤੇ ਪਵਿੱਤਰ ਆਤਮਾ ਦੇ ਰਾਹੀ ਨਵਾਂ ਜੀਵਨ, ਕਿਉਂਕਿ ਪਰਮੇਸ਼ਰ ਨੇ ਸਾਡੇ ਮੁਕਤੀਦਾਤਾ ਯਿਸੂ ਮਸੀਹ ਦੇ ਰਾਹੀਂ ਬਹੁਤਾਤ ਵਿਚ ਪਵਿੱਤਰ ਆਤਮਾ ਦੀ ਦਾਤ ਸਾਨੂੰ ਮੁਫ਼ਤ ਦਿੱਤੀ ਹੈ । ਇਸ ਤਰ੍ਹਾਂ ਉਸਨੇ ਆਪਣੀ ਕਿਰਪਾ ਦੁਆਰਾ ਸਾਡਾ ਪਰਮੇਸ਼ਰ ਦੇ ਨਾਲ ਉਚਿਤ ਸੰਬਧ ਕਾਇਮ ਕੀਤਾ ਹੈ ਅਤੇ ਸਾਨੂੰ ਅਨੰਤ ਜੀਵਣ ਦੇ ਪ੍ਰਾਪਤੀ ਦੀ ਪੱਕੀ ਉਮੀਦ ਦਿਵਾਈ ਹੈ ।ਇਹ ਸ਼ਬਦ ਵਿਸ਼ਵਾਸ ਜੋਗ ਹਨ ।

## ੨

## ਬਪਤਿਸਮੇਂ ਦੀ ਆਸੀਸ

**ਬਪਤਿਸਮਾਂ ਕੀਵੇਂ ਲਾਭਦਾਇਕ ਹੈ ?**

**ਜਵਾਬ:**

ਇਹ ਸਾਨੂੰ ਪਾਪਾਂ ਦੀ ਮਾਫ਼ੀ ਅਤੇ ਮੌਤ ਤੋਂ ਰਿਹਾਈ ਦਿੰਦਾ ਹੈ, ਅਤੇ ਸੰਦੀਵੀ ਮੁਕਤੀ ਦਿੰਦਾ ਹੈ ਜੋ ਇਹ ਮੱਨ ਦੇ ਹਨ ਕਿ ਇਹ ਸਭ ਪਰਮੇਸ਼ਰ ਦੇ ਹੀ ਸ਼ਬਦ ਅਤੇ ਪ੍ਰਤਿਗਿਆਵਾਂ ਹਨ ।

**ਪਰਮੇਸ਼ਰ ਦੇ ਇਸ ਬਾਰੇ ਕੀ ਵਚਨ ਅਤੇ ਪ੍ਰਤਿਗਿਆ ਹੈ ?**

**ਜਵਾਬ:**

ਪ੍ਰਭੂ ਯਿਸੂ ਮਸੀਹ ਨੇ ਆਪ ਇਹ ਕਿਹਾ: ਉਹ ਜਿਹੜਾ ਵਿਸ਼ਵਾਸ ਕਰੇ ਅਤੇ ਬਪਤਿਸਮਾ ਲਵੇ, ਬਚਾਇਆ ਜਾਵੇਗਾ । ਪਰ ਉਹ ਜਿਹੜਾ ਵਿਸ਼ਵਾਸ ਨਾ ਕਰੇ, ਉਹ ਦੋਸ਼ੀ ਠਹਿਰੇਗਾ ।(ਮਰਕੁਸ ੧੬:੧੬)

## ੩

## ਬਪਤਿਸਮੇ ਦੀ ਸਮਰਥਾ ਅਤੇ ਯੋਗਤਾ

**ਇਹ ਪਾਣੀ ਨਾਲ ਦਿੱਤਾ ਬਪਤਿਸਮਾਂ ਕੀ ਦਰਸ਼ਾਉਦਾ ਹੈ ?**

**ਜਵਾਬ:**

ਇਹ ਕੇਵਲ ਸਧਾਰਨ ਪਾਣੀ ਨਹੀਂ ਹੈ ਪਰ ਇਸ ਪਾਣੀ ਦੇ ਨਾਲ ਪਰਮੇਸ਼ਰ ਦਾ ਵਚਨ ਹੈ, ਇਹ ਪਰਮੇਸ਼ਰ ਦਾ ਵਚਨ ਸਾਡੇ ਵਿਸ਼ਵਾਸ ਅਤੇ ਭਰੋਸੇ ਨਾਲ ਪਾਣੀ ਰਾਹੀ ਕੰਮ ਕਰਦਾ ਹੈ । ਕਿਉਂਕੀ ਪਰਮੇਸ਼ਰ ਦੇ ਵਚਨ ਤੋਂ ਬਿਨ੍ਹਾਂ ਇਹ ਪਾਣੀ ਕੇਵਲ ਸਧਾਰਨ ਪਾਣੀ ਹੀ ਹੈ ਅਤੇ ਕੋਈ ਬਪਤਿਸਮਾਂ ਨਹੀਂ । ਪਰ ਪਰਮੇਸ਼ਰ ਦੇ ਵਚਨ ਨਾਲ ਇਹ ਬਪਤਿਸਮਾਂ ਹੈ, ਤਾਂ ਜੋ ਪਰਮੇਸ਼ਰ ਦੀ ਕਿਰਪਾ ਨਾਲ ਭਰਪੂਰ ਅਤੇ ਪਵਿੱਤਰ ਆਤਮਾ ਦੁਆਰਾ ਇਕ ਨਵੇਂ ਜੀਵਨ ਦੀ ਧੁਆਈ ਲਈ ਇਹ ਜੀਵਣ ਦੇਣ ਵਾਲਾ ਪਾਣੀ ਬਨ ਜਾਂਦਾ ਹੈ । ਜਿਵੇਂ ਕੀ ਸੰਤ ਪੌਲੁਸ ਤੀਤੁਸ ਨੂੰ ਲਿਖਦੇ ਹਨ : ਤਾਂ ਉਸ ਨੇ ਸਾਨੂੰ ਬਚਾਇਆ । ਇਹ ਸਾਡੇ ਕਿਸੇ ਭਲੇ ਕੰਮਾਂ ਦਾ ਸਦਕਾ ਨਹੀਂ ਸੀ, ਸਗੋਂ ਇਸ ਲਈ ਕਿ ਉਹ ਆਪ ਦਇਆਵਾਨ ਹੈ । ਅਸੀਂ ਧੋਤੇ ਜਾਣ ਦੇ ਰਾਹੀ ਨਵਾਂ ਜਨਮ ਪ੍ਰਾਪਤ ਕੀਤਾ ਅਤੇ ਪਵਿੱਤਰ ਆਤਮਾ ਦੇ ਰਾਹੀ ਨਵਾਂ ਜੀਵਣ, ਕਿਉਂਕੀ ਪਰਮੇਸ਼ਰ ਨੇ ਸਾਡੇ ਮੁਕਤੀਦਾਤਾ ਯਿਸੂ ਮਸੀਹ ਦੇ ਰਾਹੀ ਬਹੁਤਾਤ ਵਿਚ ਪਵਿੱਤਰ ਆਤਮਾ ਦੀ ਦਾਤ ਸਾਨੂੰ ਮੁਫ਼ਤ ਦਿੱਤੀ ਹੈ । ਇਸ ਤਰ੍ਹਾਂ ਉਸਨੇ ਆਪਣੀ ਕਿਰਪਾ ਦੁਆਰਾ ਸਾਡਾ ਪਰਮੇਸ਼ਰ ਦੇ ਨਾਲ ਉਚਿਤ ਸੰਬੰਧ ਕਾਇਮ ਕੀਤਾ ਹੈ ਅਤੇ ਸਾਨੂੰ ਅਨੰਤ ਜੀਵਣ ਦੇ ਪ੍ਰਾਪਤੀ ਦੀ ਪੱਕੀ ਉਮੀਦ ਦਿਵਾਈ ਹੈ । (ਤੀਤੁਸ ੩: ੫-੮)
ਇਹ ਸ਼ਬਦ ਵਿਸ਼ਵਾਸ ਜੋਗ ਹਨ ।

## ੪

## ਪਾਣੀ ਨਾਲ ਬਪਤਿਸਮਾਂ ਦੇਣ ਦਾ ਕੀ ਮਹਤਵ ਹੈ

**ਇਹ ਪਾਣੀ ਨਾਲ ਦਿੱਤਾ ਬਪਤਿਸਮਾਂ ਕੀ ਦਰਸ਼ਾਉਦਾ ਹੈ ?**

**ਜਵਾਬ:**

ਇਹ ਪਾਣੀ ਨਾਲ ਦਿੱਤਾ ਬਪਤਿਸਮਾਂ ਇਹ ਦਰਸ਼ਾਉਦਾ ਹੈ ਕਿ ਸਾਡੇ ਵਿੱਚ ਪੁਰਾਨਾ ਆਦਮ, ਹਰ ਰੋਜ਼ ਦੀ ਮੁਆਫੀ, ਪਛਤਾਚਾਪ ਨਾਲ ਸਾਡੇ ਸਾਰੇ ਪਾਪਾਂ ਅਤੇ ਬੁਰੇ ਇਰਾਦਿਆਂ ਨਾਲ ਡੁਬਾ ਦਿੱਤਾ ਜਾਉਂਦਾ ਹੈ । ਅਤੇ ਸਾਡੇ ਵਿੱਚ ਇਕ ਨਵਾਂ ਮਨੁੱਖ ਪੈਦਾ ਹੌਂਦਾ ਹੈ ਜੋ ਕੀ ਪਰਮੇਸ਼ਰ ਦੇ ਹਜ਼ੁਰ ਵਿੱਚ ਭਲਾਈ ਅਤੇ ਸ਼ੁਧਤਾ ਨਾਲ ਜੀ ਸਕਦਾ ਹੈ ।

**ਇਹ ਕਿਥੇ ਲਿਖਿਆ ਪਾਇਆ ਜਾਂਦਾ ਹੈ?**

**ਜਵਾਬ:**

ਸੰਤ ਪੈਲੁਸ ਰੋਮ ਦੀ ਪੁਸੱਤਕ ਵਿੱਚ ਇਹ ਲਿਖਦੇ ਹਨ "ਜੋ ਅਸੀਂ ਆਪਣੇ ਬਪਤਿਸਮੇ ਦੇ ਦੁਆਰਾ ਮਸੀਹ ਨਾਲ ਦੱਬੇ ਗਏ ਅਤੇ ਮਰ ਗਏ ਹਾਂ ਕਿ ਜਿਸ ਤਰ੍ਹਾਂ ਉਹ ਪਿਤਾ ਦੀ ਮਹਿਮਾ ਨਾਲ ਮੁਰਦਿਆਂ ਵਿਚੋਂ ਜ਼ਿੰਦਾ ਕੀਤੇ ਗਏ, ਉਸੇ ਤਰ੍ਹਾਂ ਅਸੀਂ ਵੀ ਨਵਾਂ ਜੀਵਣ ਗੁਜਾਰੀਏ ।(ਰੋਮ ੬: ੪)

# ਪੰਜਵਾਂ ਭਾਗ

## ਪਾਪਾਂ ਦਾ ਇਕਬਾਲ ਕਰਨਾ

**ਪਾਪਾਂ ਦਾ ਇਕਬਾਲ ਕਰਨ ਦਾ ਕੀ ਅਰਥ ਹੈ ?**

**ਜਵਾਬ:**

ਪਾਪਾਂ ਦਾ ਇਕਬਾਲ ਕਰਨ ਦੇ ਦੋ ਭਾਗ ਹੈ :

ਪਾਹਿਲਾ – ਕੀ ਅਸੀਂ ਆਪਣੇ ਸਭ ਪਾਪਾਂ ਦਾ ਇਕਬਾਲ ਕਰਿਏ ।

ਦੂਜਾ – ਅਸੀਂ ਆਪਣੇ ਸਾਰੇ ਪਾਪਾਂ ਤੋਂ ਮਾਫ਼ੀ ਦਾ ਭਰੋਸਾ ਕਰਿਏ, ਕੀ ਸਾਡੇ ਸਾਰੇ ਪਾਪ ਜੋ ਸਾਨੂੰ ਸਾਡੇ ਬੁਲਾਏ ਅਤੇ ਚੁਣੇ ਹੋਏ ਧਰਮ ਸੇਵਕ ਜਾਂ ਪਾਦਰੀ ਨੇ ਮੁਆਫ਼ ਕੀਤੇ ਹਨ ਉਹ ਪਰਮੇਸ਼ਰ ਨੇ ਆਪ ਸਾਨੂੰ ਮਾਫ਼ ਕੀਤੇ ਹਨ । ਇਸ ਵਿੱਚ ਸਾਨੂੰ ਕੋਈ ਸ਼ਕ ਨਹੀਂ ਹੋਣਾ ਚਾਹਿਦਾ ਹੈ । ਪਰ ਪੂਰਾ ਭਰੋਸਾ ਹੋਣਾ ਚਾਹਿਦਾ ਹੈ ਕੀ ਸਾਡੇ ਸਾਰੇ ਪਾਪ ਸਵਰਗ ਵਿੱਚ ਪਰਮੇਸ਼ਰ ਨੇ ਆਪ ਮਾਫ਼ ਕਰ ਦਿੱਤੇ ਹਨ ।

**ਸਾਨੂੰ ਆਪਣੇ ਸਾਰੇ ਪਾਪਾਂ ਦਾ ਇਕਬਾਲ ਕਰਨਾ ਹੈ ?**

ਪਰਮੇਸ਼ਰ ਦੇ ਹਜ਼ੂਰ ਵਿੱਚ ਸਾਨੂੰ ਆਪਣੇ ਸਾਰੇ ਪਾਪਾਂ ਦਾ ਇਕਬਾਲ ਕਰਨਾ ਹੈ, ਇਥੋਂ ਤਕ ਕੀ ਉਹ ਸਭ ਪਾਪ ਵੀ ਜਿੰਨ੍ਹਾਂ ਬਾਰੇ ਅਸੀਂ ਜਾਨਦੇ ਵੀ ਨਹੀਂ ਹੈ, ਜਿਸ ਤਰ੍ਹਾਂ ਅਸੀਂ ਪ੍ਰਭੂ ਦੀ ਪ੍ਰਾਰਧਨਾ ਵਿੱਚ ਬੇਣਤੀ ਕਰਦੇ ਹੈਂ; ਪਰ ਆਪਣੇ ਧਰਮ ਸੇਵਕ ਜਾਂ ਪਾਦਰੀ ਦੇ ਅੱਗੇ ਉਹ ਸਭ ਜੋ ਅਸੀਂ ਜਾਨਦੇ ਹਾਂ ਅਤੇ ਆਪਣੇ ਦਿਲ ਵਿੱਚ ਮਹਸੂਸ ਕਰਦੇ ਹਨ ।

**ਇਹ ਸਭ ਕਿਹੜੇ ਪਾਪ ਹੈਂ ?**

**ਜਵਾਬ :**

ਆਪਣੇ ਆਪ ਨੂੰ ਦਸ ਹੁਕਮਾ ਦੇ ਅਨੁਸਾਰ ਜਾਂਚੋ : ਕਿ ਤੁਸੀਂ ਪਿਤਾ, ਮਾਤਾ, ਪੁਤ, ਧੀ, ਪਤੀ, ਪਤਨੀ ਜਾਂ ਕਾਮਾ ਹੋ ?

ਕੀ ਤੁਸੀਂ ਹੁਕਮ ਅਦੂਲੀ, ਜਾਂ ਬੇਵਫਾਦਾਰੀ, ਜਾਂ ਸੁਸਤੀ ਕੀਤੀ ਹੈ ? ਕੀ ਤੁਸੀਂ ਗੁਸਾਂ, ਜਾਂ ਜਾਹਲ ਤਰੀਕੇ ਨਾਲ ਜਾਂ ਲੜਾਈ ਝਗੜੇ ਵਾਲਾ ਵਰਤਾਉ ਕੀਤਾ ਹੈ ?

ਕੀ ਤੁਸੀਂ ਕਿਸੇ ਨੂੰ ਆਪਣੇ ਸ਼ਬਦਾਂ ਜਾਂ ਕੰਮਾਂ ਨਾਲ ਦੁਖ ਪਹੁਚਾਇਆ ਹੈ ?

ਕੀ ਤੁਸੀਂ ਚੋਰੀ ਕੀਤੀ ਹੈ, ਕੋਈ ਲਾਪਰਵਾਹੀ, ਕੋਈ ਉਜਾੜ ਜਾ ਕਿਸੇ ਦਾ ਨੁਕਸਾਨ ਕੀਤਾ ਹੈ ?

## ਸਵਰਗ ਦੇ ਰਾਜ ਦੀਆਂ ਕੁੰਜੀਆਂ ਦਾ ਅਧਿਕਾਰ

**ਇਸ ਦਾ ਸਾਡੇ ਵਾਸਤੇ ਕੀ ਅਰਥ ਹੈ ?**

**ਜਵਾਬ :**

ਸਵਰਗ ਦੇ ਰਾਜ ਦੀਆਂ ਕੁੰਜੀਆਂ ਦਾ ਅਧਿਕਾਰ ਦੇਣ ਦਾ ਅਰਥ ਇਹ ਹੈ ਕੀ ਮਸੀਹੀ ਮੰਡਲੀ ਜਾਂ ਚਰਚ ਇਸ ਧਰਤੀ ਉਤੇ ਪਸ਼ਚਾਤਾਪੀ ਅਤੇ ਤੌਬਾ ਕੀਤੇ ਪਾਪਾਂ ਨੂੰ ਮਾਫ਼ ਕਰੇ ਜਾਂ ਨਾ ਇਕਬਾਲ ਕੀਤੇ ਪਾਪਾਂ ਨੂੰ ਕਾਇਮ ਰੱਖੇ ।

**ਇਹ ਕਿਥੇ ਕਿਹਾ ਗਿਆ ਹੈ ?**

**ਜਵਾਬ:**

(ਸੰਤ ਯੂਹੰਨਾ ੨੦: ੨੨-੨੩)

ਇਹ ਕਹਿ ਚੁੱਕਣ ਪਿੱਛੋਂ ਯਿਸੂ ਨੇ ਉਹਨਾਂ ਉਤੇ ਸੁਆਸ ਫੂਕਿਆ ਅਤੇ ਆਖਿਆ, "ਪਵਿੱਤਰ ਆਤਮਾ ਲਵੋ । ਜੇਕਰ ਤੁਸੀਂ ਕਿਸੇ ਦੇ ਪਾਪ ਮਾਫ਼ ਕਰੋਗੇ, ਤਾਂ ਉਹ ਮਾਫ਼ ਹੋ ਜਾਣਗੇ, ਅਤੇ ਜੇ ਤੁਸੀਂ ਮਾਫ਼ ਨਾ ਕਰੋਗੇ ਤਾਂ ਉਹ ਮਾਫ਼ ਨਹੀ ਕੀਤੇ ਜਾਣਗੇ ।"

**ਇਨ੍ਹਾਂ ਸ਼ਬਦਾ ਦਾ ਅਰਥ ਤੁਸੀਂ ਕੀ ਸਮਝਦੇ ਹੋ ?**

**ਜਵਾਬ :**

ਮੈਂ ਇਹ ਵਿਸ਼ਵਾਸ ਕਰਦਾ ਹਾਂ ਕੀ ਜਦ ਮਸੀਹ ਦਾ ਬੁਲਾਆ ਅਤੇ ਚੁਣਿਆ ਹੋਇਆ ਸੇਵਕ ਜਾਂ ਪਾਦਰੀ ਮਸੀਹ ਦੇ ਦੈਵੀ ਹੁਕਮ ਅਨੁਸਾਰ ਸਾਡੇ ਨਾਲ ਵਰਤਾਉ ਕਰਦਾ ਹੈ ਤਾਂ ਇਹ ਉਸ ਤਰ੍ਹਾਂ ਹੀ ਹੈ ਜੀਵੇਂ ਸਾਡਾ ਪ੍ਰਭੂ ਯਿਸੂ ਆਪ ਸਾਡੇ ਨਾਲ ਵਰਤਾਉ ਕਰ ਰਿਹਾ ਹੈ । ਖਾਸ ਤੌਰ ਤੇ ਉਹ ਸਭ ਜੋ ਆਪਣੇ ਪਾਪਾਂ ਦਾ ਇਕਬਾਲ ਨਹੀਂ ਕਰਦੇ ਇਹ ਅਧਿਕਾਰ ਉਨ੍ਹਾਂ ਸਭ ਨੂੰ ਮਸੀਹੀ ਸੰਗਤ ਤੋਂ ਅਲਗ ਕਰ ਦਿੰਦਾ ਹੈ । ਉਹ ਸਭ ਜੋ ਤੌਬਾ ਕਰਦੇ ਹਨ ਅਤੇ ਆਪਣੇ ਜੀਵਣ ਵਿੱਚ ਪਾਪ ਤੋਂ ਦੂਰ ਰਹਨਾ ਮੰਗਦੇ ਹੈ ਉਹਨਾ ਦੇ ਪਾਪਾਂ ਦੀ ਮਾਫ਼ੀ ਇਸੇ ਧਰਤੀ ਉਤੇ ਉਸ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਮਸੀਹ ਸਾਡੇ ਪ੍ਰਭੂ ਨੇ ਆਪ ਸਵਰਗ ਵਿਚ ਸਾਨੂੰ ਮਾਫ਼ ਕੀਤਾ ਹੈ ।

# ਪ੍ਰਭੂ-ਭੋਜ (ਅੱਸ਼ਾਇ-ਰੱਬਾਨੀ)

## ਪ੍ਰਭੂ-ਭੋਜ ਕੀ ਹੈ?

ਪ੍ਰਭੂ-ਭੋਜ ਪ੍ਰਭੂ ਯਿਸ਼ੂ ਮਸੀਹ ਦਾ ਆਪਣਾ ਸਰੀਰ (ਦੇਹ) ਅਤੇ ਲਹੁ (ਖੂਨ) ਹੈ ਜੋ ਕਿ ਅਸੀਂ ਰੋਟੀ ਅਤੇ ਮੈਹ ਨਾਲ ਖਾਉਦੇ ਅਤੇ ਪੀਣਦੇ ਹੈ ।ਇਹ ਰਵਾਇਤ ਪ੍ਰਭੂ ਨੇ ਆਪ ਹੀ ਸਾਡੇ ਖਾਣ ਅਤੇ ਪੀਣ ਲਈ ਸਥਾਪਿਤ ਕੀਤੀ ਹੈ ।

## ਇਹ ਪਵਿਤਰ ਵਚਨ ਵਿੱਚ ਕਿਥੇ ਲਿਖਿਆ ਹੈ ?

ਸੰਤ ਮਤੀ, ਉਹ ਭੋਜ ਕਰ ਰਹੇ ਸਨ ਕਿ ਯਿਸੂ ਨੇ ਰੋਟੀ ਲਈ, ਅਸੀਸ ਮੰਗ ਕੇ ਤੋੜੀ ਅਤੇ ਆਪਣੇ ਚੇਲਿਆਂ ਨੂੰ ਦਿੱਤੀ ਅਤੇ ਕਿਹਾ, “ਇਹ ਲਵੋ ਅਤੇ ਖਾਵੋ, ਇਹ ਮੇਰਾ ਸਰੀਰ ਹੈ ।“ ਫਿਰ ਯਿਸੂ ਨੇ ਪਿਆਲਾ ਲਿਆ, ਪਰਮੇਸ਼ਰ ਦਾ ਧੰਨਵਾਦ ਕੀਤਾ  ਅਤੇ ਉਹਨਾਂ ਨੂੰ ਇਹ ਕਹਿੰਦਿਆ ਹੋਇਆ ਦਿੱਤਾ, ਇਸ ਵਿਚ ਤੁਸੀਂ ਸਾਰੇ ਪੀਵੋ; ਕਿਉਂਕਿ ਇਹ ਮੇਰਾ ਪਰਮੇਸ਼ਰ ਦੇ ਨਵੇਂ ਨੇਮ ਦਾ ਖ਼ੂਨ ਹੈ; ਜੋ ਬਹੁਤਿਆਂ ਦੇ ਲਈ ਉਹਨਾਂ ਦਾ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ ।  (ਸੰਤ ਮਤੀ ੨੬:੨੮)

ਮਰਕੁਸ, ਲੂਕਾ ਅਤੇ ਪੋਲੂਸ ਨੇ ਇਹ ਕਿਹਾ : “ਇਹ ਰਵਾਇਤ ਜੋ ਮੈਨੂੰ ਪ੍ਰਭੂ ਤੋਂ ਆਪ ਮਿਲੀ ਹੈ, ਮੈਂ ਤੁਹਾਨੂੰ ਆਪ ਦਿੰਦਾ ਹਾਂ : ਪ੍ਰਭੂ ਯਿਸੂ ਜਿਸ ਰਾਤ ਫੜਵਾਏ ਗਏ ਸਨ, ਉਸ ਰਾਤ ਪ੍ਰਭੂ ਜੀ ਨੇ ਰੋਟੀ ਲਈ, ਧੰਨਵਾਦ ਕਰਕੇ ਤੋੜੀ ਅਤੇ ਕਿਹਾ, “ ਇਹ ਮੇਰਾ ਸਰੀਰ ਹੈ, ਜੋ ਤੁਹਾਡੇ ਲਈ ਹੈ । ਮੇਰੀ ਯਾਦ ਵਿਚ ਇਹ ਕਰਿਆ ਕਰੋ ।“ ਇਸੇ ਤਰ੍ਹਾਂ ਭੋਜਨ ਦੇ ਪਿੱਛੋਂ ਪ੍ਰਭੂ ਯਿਸੂ ਨੇ ਪਿਆਲਾ ਲਿਆ ਅਤੇ ਕਿਹਾ, “ਇਹ ਪਿਆਲਾ ਪਰਮੇਸ਼ਰ ਦੇ ਨੇਮ ਦਾ ਹੈ, ਜੋ ਮੇਰੇ ਲਹੁ ਦੁਆਰਾ ਮੁਹਰ ਕੀਤਾ ਗਿਆ ਹੈ । ਜਦੋਂ ਕਦੀ ਵੀ ਤੁਸੀਂ ਇਸ ਵਿਚੋਂ ਪੀਵੋਂ, ਤਾਂ ਮੇਰੀ ਯਾਦ ਵਿਚ ਇਹ ਕਰਿਆ ਕਰੋ ।“ ਕਿਓਂਕਿ ਜਦੋਂ ਕਦੀ ਵੀ ਤੁਸੀ ਇਹ ਰੋਟੀ ਖਾਂਦੇ ਹੋ ਅਤੇ ਇਸ ਪਿਆਲੇ ਵਿਚੋਂ ਪੀਂਦੇ ਹੋ, ਤਾਂ ਤੁਸੀ ਪ੍ਰਭੂ ਦੇ ਆਉਣ ਤਕ ਉਸ ਦੀ ਮੌਤ ਦਾ ਐਲਾਨ ਕਰਦੇ ਹੋ । ਜੋ ਕੋਈ ਮਨੁੱਖ ਗਲਤ ਢੰਗ ਨਾਲ ਪ੍ਰਭੂ ਦੀ ਰੋਟੀ ਖਾਂਦਾ ਜਾ ਪ੍ਰਭੂ ਦੇ ਪਿਆਲੇ ਵਿਚੋਂ ਪੀਂਦਾ ਹੈ ; ਉਹ ਪ੍ਰਭੂ ਦੇ ਸਰੀਰ ਅਤੇ ਲਹੁ ਦਾ ਅਪਰਾਧੀ ਠਹਿਰੇਗਾ । (੧ ਕੁਰਿੰਥੁਸ ੧੧: ੨੩-੨੬)

## ਪ੍ਰਭੂ-ਭੋਜ ਦਾ ਕੀ ਲਾਭ ਹੈ?

ਪ੍ਰਭੂ-ਭੋਜ ਦਾ ਲਾਭ ਸਾਨੂੰ ਇਨ੍ਹ ਸ਼ਬਦਾਂ ਤੋਂ ਪਤਾ ਚਲਦਾ ਹੈ, “; ਜੋ ਬਹੁਤਿਆਂ ਦੇ ਲਈ ਉਹਨਾਂ ਦੇ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ । “(ਸੰਤ ਮਤੀ ੨੬:੨੮) ਇਹ ਸ਼ਬਦ ਸਾਨੂੰ ਇਹ ਭਰੋਸਾ ਦਿੰਦੇ ਹਨ ਕੀ ਪ੍ਰਭੂ-ਭੋਜ ਦੀ ਰਸਮ ਤੋਂ ਸਾਨੂੰ ਪਾਪਾਂ ਦੀ ਮਾਫ਼ੀ, ਜੀਵਨ ਅਤੇ ਮੁਕਤੀ ਮਿਲਦੀ ਹੈ।ਕਿਉਂਕਿ ਜਿਥੇ ਪਾਪਾਂ ਦੀ ਮਾਫ਼ੀ ਹੈ ਉਸ ਦੇ ਨਾਲ ਜੀਵਨ ਅਤੇ ਮੁਕਤੀ ਵੀ ਹੈ ।

## ਪ੍ਰਭੂ-ਭੋਜ ਦੀ ਸ਼ਕਤੀ

**ਇਹ ਸਰੀਰਕ ਬਦਨ ਦਾ ਰੋਟੀ ਅਤੇ ਮੈਹ ਨਾਲ ਖਾਨਾ ਅਤੇ ਪੀਣਾ ਏਸੀ ਵੱਡੀ ਚੀਜ਼ ਕਿਵੇਂ ਕਰ ਸਕਦਾ ਹੈ ?**

ਇਹ ਇਸ ਰੋਟੀ ਅਤੇ ਮੈਹ ਦਾ ਖਾਨਾ ਅਤੇ ਪੀਣਾ ਏਸੀ ਵੱਡੀ ਚੀਜ਼ ਨਹੀਂ ਕਰਦਾ, ਪਰ ਉਸ ਦੇ ਨਾਲ ਕਹਿ ਸ਼ਬਦ, ਜੋ ਬਹੁਤਿਆਂ ਦੇ ਲਈ ਉਹਨਾਂ ਦੇ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ । ਇਹ ਸ਼ਬਦ ਖਾਨ ਅਤੇ ਪੀਣ ਦੇ ਨਾਲ ਇਸ ਰਸਮ ਦਾ ਤੱਤ ਹੈ। ਅਤੇ ਜੋ ਇਨ੍ਹਾਂ ਸ਼ਬਦਾਂ ਤੇ ਵਿਸ਼ਵਾਸ ਕਰਦਾ ਹੈ ਉਹਨੂੰ ਪਾਪਾਂ ਦੀ ਮਾਫ਼ੀ ਮਿਲਦੀ ਹੈ ।

**ਇਸ ਰਸਮ ਨੂੰ ਸਵੀਕਾਰ ਕਰਨ ਲਈ ਇਕ ਵਿਅਕਤੀ ਕਦੋਂ ਤਿਆਰ ਹੈ ?**

ਰੋਜ਼ਾ ਰਖੱਨਾਂ ਅਤੇ ਦੁਜੇ ਬਾਹਿਰਲੇ ਨਿਸ਼ਾਨ ਚੰਗਾ ਮਤਲਬ ਜ਼ਰੂਰ ਰੱਖਦੇ ਹਨ । ਪਰ ਇਕ ਵਿਅਕਤੀ ਪੂਰੀ ਤਰ੍ਹਾਂ ਤਿਆਰ ਅਤੇ ਜੋਗ ਹੈ ਜਦੋਂ ਉਹ ਇਹ ਸ਼ਬਦਾਂ , ‘ਜੋ ਬਹੁਤਿਆਂ ਦੇ ਲਈ ਉਹਨਾਂ ਦੇ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ ।’ ਵਿੱਚ ਵਿਸ਼ਵਾਸ ਕਰਦਾ ਹੈ । ਪਰ ਜੋ ਇਨ੍ਹਾਂ ਸ਼ਬਦਾ ਵਿਚ ਵਿਸ਼ਵਾਸ ਨਹੀਂ ਕਰਦਾ ਹੈ ਉਹ ਇਸ ਰਸਮ ਦੇ ਜੋਗ ਨਹੀਂ ਹੈ, ਕਿਉਂਕਿ ਇਹ ਸ਼ਬਦ ‘ਬਹੁਤਿਆਂ ਦੇ ਲਈ ਉਹਨਾਂ ਦੇ’ ਨੂੰ ਕੇਵਲ ਇਕ ਵਿਸ਼ਵਾਸੀ ਦਿਲ ਚਾਹੀਦਾ ਹੈ ।

# ਛੇਵਾਂ ਭਾਗ

## ਕੁਝ ਮਸੀਹੀ ਸਵਾਲ ਅਤੇ ਜਵਾਬ

੧. ਕੀ ਤੁਸੀਂ ਇਹ ਇਕਬਾਲ ਕਰਦੇ ਹੋ ਕੀ ਤੁਸੀਂ ਪਾਪੀ ਅਤੇ ਗੁਨਾਹਗਾਰ ਹੋ ?

ਜਵਾਬ : ਹਾਂ, ਮੈਂ ਇਹ ਇਕਬਾਲ ਕਰਦਾ ਹਾਂ ਕਿ ਮੈਂ ਇਕ ਪਾਪੀ ਅਤੇ ਗੁਨਾਹਗਾਰ ਮਨੁੱਖ ਹਾਂ ।

੨. ਇਹ ਤੁਸੀਂ ਕਿਸ ਤਰ੍ਹਾਂ ਜਾਨਦੇ ਹੋ ?

ਜਵਾਬ : ਇਹ ਮੈਂ ਪਰਮੇਸ਼ਰ ਦੇ ਦਿੱਤੇ ਗਏ ਦਸ ਹੁਕਮਾਂ ਤੋਂ ਜਾਨਦਾਂ ਹਾਂ, ਜਿਹੜੇ ਕੀ ਮੈਂ ਨਹੀਂ ਰੱਖੇ ।

੩. ਕਿ ਤੁਸੀਂ ਆਪਣੇ ਪਾਪਾਂ ਤੋਂ ਪਛਤਾਵਾ ਕਰਦੇ ਹੋ ?

ਜਵਾਬ : ਹਾਂ, ਮੈਂ ਆਪਣੇ ਸਭ ਪਾਪਾਂ ਤੋਂ ਪੂਰੀ ਤਰ੍ਹਾਂ ਨਾਲ ਪਛਤਾਵਾ ਕਰਦਾ ਹਾਂ ਅਤੇ ਜਾਨਦਾ ਹਾਂ ਕੀ ਇਹ ਸਭ ਪਾਪ ਮੈਂ ਪਰਮੇਸ਼ਰ ਦੇ ਵਿਰੁਧ ਹੀ ਕੀਤੇ ਹਨ ।

੪. ਤੁਹਾਡੇ ਪਾਪਾਂ ਕਾਰਨ ਸਾਨੂੰ ਪਰਮੇਸ਼ਰ ਤੋਂ ਕੀ ਸਜ਼ਾ ਮਿਲਨੀ ਚਾਹਿਦੀ ਹੈ ?

ਜਵਾਬ : ਪਰਮੇਸ਼ਰ ਦਾ ਕ੍ਰੋਧ ਅਤੇ ਨਾ ਖੁਸ਼ੀ, ਸਰੀਰਕ ਮੌਤ ਅਤੇ ਹਮੇਸ਼ਾ ਦੀ ਮੌਤ ਵੀ ।

੫. ਕੀ ਤੁਸੀਂ ਬਚਾਏ ਜਾਨ ਦੀ ਉਮੀਦ ਰੱਖਦੇ ਹੋ ?

ਜਵਾਬ : ਹਾਂ, ਮੇਰੀ ਇਹ ਹੀ ਉਮੀਦ ਹੈ ।

੬. ਫਿਰ ਤੁਸੀਂ ਕਿਸ ਵਿੱਚ ਭਰੋਸਾ ਰੱਖਦੇ ਹੋ ?

ਜਵਾਬ : ਮੈਂ, ਆਪਣੇ ਪ੍ਰਭੂ ਯਿਸੂ ਮਸੀਹ ਉਤੇ ਭਰੋਸਾ ਰੱਖਦਾ ਹਾਂ ।

੭. ਮਸੀਹ ਕੌਂਨ ਹੈ ?

ਜਵਾਬ : ਮਸੀਹ ਪਰਮੇਸ਼ਰ ਦਾ ਇਕਲੌਤਾ ਪੁੱਤਰ ਹੈ, ਸੱਚਾ ਪਰਮੇਸ਼ਰ ਅਤੇ ਮਨੁੱਖ ਦਾ ਪੁੱਤਰ ਹੈ ।

੮, ਪਰਮੇਸ਼ਰ ਕਿੰਨ੍ਹੇ ਹੈ ?

ਜਵਾਬ : ਕੇਵਲ ਇਕ, ਪਰ ਤਿੰਨ ਵਿਅਕਤੀ ਹੈਂ: ਪਰਮੇਸ਼ਰ ਪਿਤਾ, ਪਰਮੇਸ਼ਰ ਪੁਤੱਰ ਅਤੇ ਪਰਮੇਸ਼ਰ ਪਵਿੱਤਰ ਆਤਮਾ ।

੯. ਮਸੀਹ ਨੇ ਤੁਹਾਡੇ ਲਈ ਕੀ ਕੀਤਾ, ਕਿ ਤੁਸੀਂ ਉਸ ਤੇ ਆਪਣਾ ਵਿਸ਼ਵਾਸ ਅਤੇ ਭਰੋਸਾ ਰੱਖਦੇ ਹੋ ?

ਜਵਾਬ : ਮਸੀਹ ਮੇਰੇ ਲਈ ਮਰਿਆ, ਉਸ ਨੇ ਮੇਰੇ ਪਾਪਾਂ ਦੀ ਮਾਫ਼ੀ ਲਈ ਸਲੀਬ ਤੇ ਆਪਣਾ ਖੂਨ/ ਲਹੂ ਬਹਾਇਆ ਅਤੇ ਮੈਂਨੂੰ ਮੁਕਤੀ ਦਿੱਤੀ ਹੈ ।

੧੦. ਕਿ ਪਿਤਾ ਪਰਮੇਸ਼ਰ ਵੀ ਤੁਹਾਡੇ ਵਾਸਤੇ ਮਰਿਆ ?

ਜਵਾਬ : ਨਹੀਂ । ਪਰਮੇਸ਼ਰ ਪਿਤਾ ਕੇਵਲ ਪਰਮੇਸ਼ਰ ਹੈ, ਜਿਸ ਤਰ੍ਹਾਂ ਕੀ ਪਰਮੇਸ਼ਰ ਪਵਿੱਤਰ ਆਤਮਾ ਹੈ । ਪਰ ਪੁਤੱਰ ਦੋਵੇ ਹੈ, ਸੱਚਾ ਪਰਮੇਸ਼ਰ ਵੀ ਅਤੇ ਮਨੁੱਖ ਦਾ ਪੁੱਤਰ ਵੀ ।

੧੧. ਇਹ ਤੁਸੀਂ ਕਿਵੇਂ ਜਾਣਦੇ ਹੋ ?

ਜਵਾਬ : ਪਵਿੱਤਰ ਇੰਜੀਲ ਤੋਂ (ਇਹ ਖੁਸ਼ਖਬਰੀ), ਉਹ ਸ਼ਬਦ ਜੋ ਕਿ ਪਵਿੱਤਰ ਬਾਈਬਲ ਵਿਚ ਮਿਲਦੇ ਹੈ। ਜਿਸ ਰਾਹੀ ਕਿਰਪਾ ਦੇ ਵਸੀਲੇ ਸਥਾਪਿਤ ਕਿਤੇ ਗਏ ਅਤੇ ਉਸ (ਮਸੀਹ) ਦੇ ਸਰੀਰ ਅਤੇ ਖੂਨ ਦੇ ਦੁਆਰਾ ਜੋ ਕਿ ਮੈਂਨੂੰ ਉਸ ਦੀ ਪ੍ਰਤਿਗਿਆ ਅਨੁਸਾਰ ਇਹਨਾਂ ਕਿਰਪਾ ਦੇ ਵਸੀਲੇ (ਬਪਤਿਸਮਾਂ ਅਤੇ ਪ੍ਰਭੂ-ਭੋਜ ) ਵਿਚ ਮਿਲਦਾ ਹੈ ।

੧੨. ਇਹ ਸਥਾਪਿਤ ਸ਼ਬਦ ਕੀ ਹੈ ?

ਜਵਾਬ : ਸੰਤ ਮਤੀ, ਮਰਕੁਸ, ਲੂਕਾ ਅਤੇ ਪੋਲੂਸ ਨੇ ਇਹ ਕਿਹਾ : "ਇਹ ਰਵਾਇਤ ਜੋ ਮੈਂਨੂੰ ਪ੍ਰਭੂ ਤੋਂ ਆਪ ਮਿਲੀ ਹੈ, ਮੈਂ ਤੁਹਾਨੂੰ ਆਪ ਦਿੰਦਾ ਹਾਂ : ਪ੍ਰਭੂ ਯਿਸੂ ਜਿਸ ਰਾਤ ਫੜਵਾਏ ਗਏ ਸਨ, ਉਸ ਰਾਤ ਪ੍ਰਭੂ ਜੀ ਨੇ ਰੋਟੀ ਲਈ, ਧੰਨਵਾਦ ਕਰਕੇ ਤੋੜੀ ਅਤੇ ਕਿਹਾ, " ਇਹ ਮੇਰਾ ਸਰੀਰ ਹੈ, ਜੋ ਤੁਹਾਡੇ ਲਈ ਹੈ । ਮੇਰੀ ਯਾਦ ਵਿਚ ਇਹ ਕਰਿਆ ਕਰੋ ।" ਇਸੇ ਤਰ੍ਹਾਂ ਭੋਜਨ ਦੇ ਪਿੱਛੋਂ ਪ੍ਰਭੂ ਯਿਸੂ ਨੇ ਪਿਆਲਾ ਲਿਆ ਅਤੇ ਕਿਹਾ, "ਇਹ ਪਿਆਲਾ ਪਰਮੇਸ਼ਰ ਦੇ ਨੇਮ ਦਾ ਹੈ, ਜੋ ਮੇਰੇ ਲਹੂ ਦੁਆਰਾ ਮੁਹਰ ਕੀਤਾ ਗਿਆ ਹੈ । ਜਦੋਂ ਕਦੀ ਵੀ ਤੁਸੀਂ ਇਸ ਵਿਚੋਂ ਪੀਵੋਂ, ਤਾਂ ਮੇਰੀ ਯਾਦ ਵਿਚ ਇਹ ਕਰਿਆ ਕਰੋ ।" ਕਿਉਂਕਿ ਜਦੋਂ ਕਦੀ ਵੀ ਤੁਸੀਂ ਇਹ ਰੋਟੀ ਖਾਂਦੇ ਹੋ ਅਤੇ ਇਸ ਪਿਆਲੇ ਵਿੱਚੋਂ ਪੀਂਦੇ ਹੋ, ਤਾਂ ਤੁਸੀਂ ਪ੍ਰਭੂ ਦੇ ਆਉਣ ਤਕ ਉਸ ਦੀ ਮੌਤ ਦਾ ਐਲਾਨ ਕਰਦੇ ਹੋ । ਜੋ ਕੋਈ

ਮਨੁੱਖ ਗਲਤ ਢੰਗ ਨਾਲ ਪ੍ਰਭੂ ਦੀ ਰੋਟੀ ਖਾਂਦਾ ਜਾ ਪ੍ਰਭੂ ਦੇ ਪਿਆਲੇ ਵਿੱਚੋਂ ਪੀਣਦਾ ਹੈ ; ਉਹ ਪ੍ਰਭੂ ਦੇ ਸਰੀਰ ਅਤੇ ਲਹੂ ਦਾ ਅਪਰਾਧੀ ਠਹਿਰੇਗਾ । (੧ ਕੁਰਿੰਥੁਸ ੧੧: ੨੩-੨੯)

੧੩. ਫਿਰ, ਕਿ ਤੁਸੀਂ ਇਹ ਵਿਸ਼ਵਾਸ ਕਰਦੇ ਹੋ ਕਿ ਪ੍ਰਭੂ-ਭੋਜ ਦੀ ਰਸਮ ਦੇ ਵਿੱਚ ਸਚ-ਮੁਚ ਹੀ ਮਸੀਹ ਦਾ ਸਰੀਰ ਅਤੇ ਉਸ ਦਾ ਲਹੂ ਸ਼ਾਮਿਲ ਹੈ ?

ਜਵਾਬ : ਹਾਂ, ਮੈਂ ਇਹ ਵਿਸ਼ਵਾਸ ਕਰਦਾ ਹਾਂ ।

੧੪. ਇਹ ਤੁਹਾਨੂੰ ਕਿਵੇਂ ਕਾਇਲ ਕਰਦਾ ਹੈ ਅਤੇ ਇਹ ਕਿਉਂ ਮੰਨਣਯੋਗ ਹੈ ?

ਜਵਾਬ : ਮਸੀਹ ਦਾ ਹੁਕਮ: " ਇਹ ਮੇਰਾ ਸਰੀਰ ਹੈ, ਜੋ ਤੁਹਾਡੇ ਲਈ ਹੈ । ਮੇਰੀ ਯਾਦ ਵਿਚ ਇਹ ਕਰਿਆ ਕਰੋ ।" ਇਸੇ ਤਰ੍ਹਾਂ ਭੋਜਨ ਦੇ ਪਿੱਛੋਂ ਪ੍ਰਭੂ ਯਿਸੂ ਨੇ ਪਿਆਲਾ ਲਿਆ ਅਤੇ ਕਿਹਾ, "ਇਹ ਪਿਆਲਾ ਪਰਮੇਸ਼ਰ ਦੇ ਨੇਮ ਦਾ ਹੈ, ਜੋ ਮੇਰੇ ਲਹੂ ਦੁਆਰਾ ਮੁਹਰ ਕੀਤਾ ਗਿਆ ਹੈ । ਜਦੋਂ ਕਦੀ ਵੀ ਤੁਸੀਂ ਇਸ ਵਿੱਚੋਂ ਪੀਵੋਂ, ਤਾਂ ਮੇਰੀ ਯਾਦ ਵਿੱਚ ਇਹ ਕਰਿਆ ਕਰੋ" ।

੧੫. ਇਸ ਲਈ ਜਦ ਵੀ ਅਸੀਂ ਮਸੀਹ ਦਾ ਸਰੀਰ ਅਤੇ ਉਸ ਦਾ ਲਹੂ ਪੀਂਦੇ ਹਾਂ ਅਤੇ ਇਸ ਦੇ ਨਾਲ ਉਸਦੀ ਪ੍ਰਤਿਗਿਆ ਅਤੇ ਵਾਦਾ ਕਬੂਲ ਕਰਦੇ ਹਾਂ, ਸਾਨੂੰ ਕੀ ਕਰਨਾ ਚਾਹੀਦਾ ਹੈ ?

ਜਵਾਬ : ਕਿਉਂਕਿ ਜਦੋਂ ਕਦੀ ਵੀ ਅਸੀਂ ਇਹ ਰੋਟੀ ਖਾਂਦੇ ਅਤੇ ਇਸ ਪਿਆਲੇ ਵਿਚੋਂ ਪੀਂਦੇ ਹੋ, ਤਾਂ ਅਸੀਂ ਪ੍ਰਭੂ ਦੇ ਆਉਣ ਤਕ ਉਸ ਦੇ ਲਹੂ ਬਹਾਣ ਦਾ ਅਤੇ ਉਸ ਦੀ ਮੌਤ ਦਾ ਐਲਾਨ ਕਰਦੇ ਹਾਂ ।

੧੬. ਸ਼ਾਨੂੰ ਉਸ ਦੀ ਮੌਤ ਦੀ ਯਾਦਗਾਰੀ ਅਤੇ ਉਸਦਾ ਐਲਾਨ ਕਿਉਂ ਕਰਨਾ ਹੈ ?

ਜਵਾਬ : ਪਹਿਲਾ, ਇਸ ਲਈ ਕੀ ਅਸੀਂ ਇਹ ਜਾਨ ਸਕੀਏ ਅਤੇ ਵਿਸ਼ਵਾਸ ਕਰਿਏ ਕਿ ਕੋਈ ਵੀ ਪ੍ਰਾਣੀ (ਜੀਵ) ਸਾਡੇ ਪਾਪਾਂ ਦੀ ਤ੍ਰਿਪਤੀ ਲਈ ਕੁਝ ਵੀ ਨਹੀਂ ਕਰ ਸਕਦਾ ਸੀ, ਕੇਵਲ ਮਸੀਹ ਜੋ ਸਚਾ ਪਰਮੇਸ਼ਰ ਅਤੇ ਸਚਾ ਮਨੁੱਖ ਦਾ ਪੁਤੱਰ ਹੈ ਇਹ ਕੰਮ ਕਰ ਸਕਦਾ ਸੀ । ਦੂਜਾ, ਕਿ ਅਸੀਂ ਆਪਣੇ ਪਾਪ ਤੋਂ ਘਿਰਨਾ ਕਰਿਏ, ਅਤੇ ਆਪਣੇ ਪਾਪਾਂ ਨੂੰ ਗੰਭੀਰ ਮੰਨਿਏ । ਤਿਜਾ, ਤਾਕੀ ਇਹ ਜਾਨਿਏ ਕੀ ਸਾਨੂੰ ਕੇਵਲ ਮਸੀਹ ਵਿਚ ਹੀ ਆਨੰਦ, ਦਿਲਾਸਾ ਅਤੇ ਤਸੱਲੀ ਮਿਲਦੀ ਹੈ ਅਤੇ ਉਸ ਉਤੇ ਵਿਸ਼ਵਾਸ ਰੱਖਕੇ ਹੀ ਅਸੀਂ ਬੱਚ ਸਕਦੇ ਹਾਂ ।

੧੭. ਮਸੀਹ ਦੀ ਕੀ ਪ੍ਰੇਰਨਾ ਅਤੇ ਉਤੇਜਨਾ ਸੀ ਕਿ ਉਹ ਮੌਤ ਸਹੇ ਅਤੇ ਸਾਡੇ ਸਾਰੇ ਪਾਪਾਂ ਦਾ ਉਧੱਾਰ ਦੇਵੇ ?

ਜਵਾਬ : ਉਸਦਾ ਅਦਭੁਤ ਅਤੇ ਵੱਡਾ ਪਿਆਰ ਪਹਿਲਾ ਆਪਣੇ ਪਿਤਾ ਲਈ ਅਤੇ ਮੇਰੇ ਲਈ ਅਤੇ ਸਭ ਪਾਪੀਆਂ ਲਈ, ਜੀਵੇਂ ਕੀ ਲਿਖਯਾ ਮਿਲਦਾ ਹੈ, ਸੰਤ ਯੂਹੰਨਾ ੧੪; ਰੋਮ ੫; ਗਲਾਤੀਆਂ ੨ ਅਤੇ ਅਫਸੀਆਂ ੫ ਦੇ ਵਿੱਚ ।

੧੮. ਆਖ਼ਿਰਕਾਰ, ਤੁਸੀਂ ਪ੍ਰਭੂ-ਭੋਜ ਕਿਉਂ ਲੈਨਾਂ ਚਾਹਉਂਦੇ ਹੋ ?

ਜਵਾਬ : ਇਸ ਲਈ ਕੀ ਮੈਂ ਇਹ ਜਾਨ ਲਵਾਂ ਅਤੇ ਵਿਸ਼ਵਾਸ ਕਰਾਂ ਕੀ ਮਸੀਹ, ਆਪਣੇ ਅਦਭੁਤ ਅਤੇ ਵੱਡੇ ਪਿਆਰ ਕਾਰਨ ਮੇਰੇ ਪਾਪਾਂ ਲਈ ਮਰਿਆ । ਅਤੇ ਉਸ ਤੋਂ ਇਹ ਵੀ ਸਿਖਾਂ ਕਿ ਮੈਨੂੰ ਆਪਣੇ ਪਰਮੇਸ਼ਰ ਨਾਲ ਪਿਆਰ ਕਰਨਾ ਹੈ ਅਤੇ ਆਪਣੇ ਗੁਆਂਢੀ ਨਾਲ ਆਪਣੇ ਜਿਹਾ ਪਿਆਰ ਕਰਨਾ ਹੈ ।

੧੯. ਇਕ ਮਸੀਹੀ ਨੂੰ ਪ੍ਰਭੂ-ਭੋਜ ਲੈਣ ਲਈ ਬਾਰ-ਬਾਰ ਜਾਂ ਅਕਸਰ ਆਨ ਦੀ ਕੀ ਤਾੜਨਾਂ ਅਤੇ ਹੌਸਲਾਂ ਦੀ ਗਲ ਹੈ ?

ਜਵਾਬ : ਪਹਿਲਾ, ਦੋਂਵੇ ਪ੍ਰਭੂ ਯਿਸੂ ਮਸੀਹ ਦਾ ਹੁਕਮ ਅਤੇ ਉਸਦੀ ਪ੍ਰਤਿਗਿਆ । ਦੂਜਾ, ਉਸ ਦੀ ਆਪਣੀ ਵੱਡੀ ਜ਼ਰੂਰਤ ਜਿਸ ਕਾਰਨ ਪ੍ਰਭੂ ਨੇ ਇਹ ਹੁਕਮ ਅਤੇ ਉਸ ਦੇ ਨਾਲ ਇਹ ਹੌਸਲਾਂ ਅਤੇ ਪ੍ਰਤਿਗਿਆ ਦਿੱਤੀ ਹੈ ।

੨੦. ਜੇ ਕਰ ਅਸੀਂ ਆਪਣੇ ਵਿੱਚ ਪ੍ਰਭੂ-ਭੋਜ ਤੇ ਆਉਣ ਦੀ ਲਾਲਸਾ ਨਹੀਂ ਰੱਖਦੇ ਹਾਂ ਅਤੇ ਸਾਡੇ ਵਿਚ ਉਸ ਦੀ ਕੋਈ ਭੁਖ ਅਤੇ ਪਿਆਸ ਨਹੀਂ ਹੈ, ਸਾਨੂੰ ਕੀ ਕਰਨਾ ਚਾਹੀਦਾ ਹੈ ?

ਜਵਾਬ : ਉਸ ਮਨੁੱਖ ਨੂੰ ਇਸ ਨਾਲੋਂ ਚੰਗੀ ਕੋਈ ਹੋਰ ਸਲਾਹ ਨਹੀਂ ਦਿੱਤੀ ਜਾ ਸਕਦੀ ਹੈ:

ਪਹਿਲਾ, ਉਹ ਆਪਣੇ ਸਰੀਰ ਨੂੰ ਆਪ ਹੱਥ ਲਾਕੇ ਟੋਹ ਫੇਹ ਕੇ ਅੰਗਾਂ ਦੀ ਜਾਂਚ ਕਰੇ ਕਿ ਉਸਦੇ ਸਰੀਰ ਵਿੱਚ ਅਜੇ ਵੀ ਮਾਸ ਤੇ ਲਹੂ ਹੈ । ਫਿਰ ਉਹ ਵਿਸ਼ਵਾਸ ਕਰੇ ਕਿ ਪਵਿੱਤਰ ਵਚਨ ਇਸ ਬਾਰੇ ਗਲਾਤੀਆਂ ੫ ਅਤੇ ਰੋਮ ੭ ਵਿਚ ਕੀ ਆਖਦਾ ਹੈ ।

ਦੂਜਾ, ਫਿਰ ਉਹ ਆਪਣੇ ਆਲੇ-ਦੁਆਲੇ ਦੇਖੇ ਅਤੇ ਜਾਨੇ ਕੀ ਉਹ ਅਜੇ ਵੀ ਇਸ ਸੰਸਾਰ ਵਿੱਚ ਹੈ ਕੇ ਨਹੀਂ ਅਤੇ ਯਾਦ ਕਰੇ ਕੀ ਸੰਸਾਰ ਵਿੱਚ ਪਾਪ, ਤਕਲੀਫ ਅਤੇ ਮੁਸੀਬਤ ਦੀ ਕੋਈ ਕੰਮੀ ਨਹੀਂ ਹੈ ਜਿਸ ਤਰ੍ਹਾਂ ਪਵਿੱਤਰ ਵਚਨ ਯੂਹੰਨਾ ੧੫-੧੬ ਅਤੇ ੧ ਯੂਹੰਨਾ ੨ ਅਤੇ ੫, ਆਖਦਾ ਹੈ ।

ਤਿਜਾ, ਉਸ ਦੇ ਆਸ-ਪਾਸ ਸ਼ੈਤਾਨ ਵੀ ਜ਼ਰੂਰ ਹਮੇਸ਼ਾ ਨਿਵਾਸ ਕਰ ਰਿਹਾ ਹੈ ਜੋ ਕਿ ਰਾਤ ਦਿੰਨ ਆਪਣੇ ਝੂਠ ਅਤੇ ਕਾਤਿਲੇ ਹਮਲੇ ਨਾਲ ਉਸ ਲਈ ਉਸ ਦੀ ਸ਼ਾਤੀ (ਅੰਦਰੂਨੀ ਅਤੇ ਬਾਹਰਲੀ ) ਨੂੰ ਭੰਨ-ਤੋੜ ਦਿੰਦਾ ਹੈ । ਇਹ ਅਸੀਂ ਪਵਿੱਤਰ ਵਚਨ ਵਿਚ ਯੂਹੰਨਾ ੮ ਅਤੇ ੧੯; ੧ ਪਤਰਸ ੫; ਅਫ਼ਸੀਆਂ ੬; ਅਤੇ ੨ ਤਿਮੋਥਿਉਸ ੨ ਵਿਚ ਲਿਖਿਆ ਹੈ ।

# ਰੋਜ਼ ਦੀਆਂ ਪ੍ਰਾਰਥਨਾਵਾਂ

ਪਰਵਾਰ ਦਾ ਮੁਖੀਆ ਆਪਣੇ ਪਰਵਾਰ ਜਾਂ ਟਬਰ ਨੂੰ ਇਸ ਤਰ੍ਹਾਂ ਸਵੇਰ ਅਤੇ ਸ਼ਾਮ ਨੂੰ ਪ੍ਰਾਰਥਨਾ ਕਰਨ ਦੀ ਸਿਖਿਆ ਦੇਵੇ

## ਸਵੇਰ ਦੀ ਪ੍ਰਾਰਥਨਾ

ਸਵੇਰ ਉਠਦੇ ਸਮੇਂ, ਪਵਿੱਤਰ ਸਲੀਬ ਦਾ ਚਿੰਨ੍ਹ (ਸੰਕੇਤ) ਬਣਾਕੇ ਇਹ ਕਹੇ :

ਪਰਮੇਸ਼ਰ, ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਂ ਵਿਚ । ਆਮੀਨ

ਫਿਰ ਗੋਡਿਆ ਭਾਰ ਨਿਉਕੇ ਜਾਂ ਖੜ੍ਹੇ ਹੋ ਕੇ, ਰਸੂਲਾਂ ਦਾ ਅਕੀਦਾ ਅਤੇ ਪ੍ਰਭੂ ਦੀ ਪ੍ਰਾਰਥਨਾ ਬੋਲੇ ।

ਜੇ ਕਰ ਚਾਹੋ ਤਾਂ ਤੁਸੀਂ ਇਹ ਪ੍ਰਾਰਥਨਾ ਵੀ ਕਹਿ ਸਕਦੇ ਹੋ :

ਮੇਰੇ ਸੁਰਗੀਏ ਪਿਤਾ, ਮੈਂ ਤੇਰਾ ਧੰਨਵਾਦ ਕਰਦਾ ਹਾਂ, ਕਿ ਤੂੰ ਆਪਣੇ ਪਿਆਰੇ ਪੁੱਤਰ ਪ੍ਰਭੂ ਯਿਸੂ ਮਸੀਹ ਦੁਆਰਾ ਮੈਨੂੰ ਰਾਤ ਭਰ ਦੇ ਖਤਰੇ ਅਤੇ ਸੰਕਟ ਤੋਂ ਬੱਚਾ ਕੇ ਰਖਿੱਆ; ਅਤੇ ਮੈਂ ਇਹ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਮੈਨੂੰ ਅੱਜ ਦੇ ਸਾਰੇ ਪਾਪ ਅਤੇ ਬੁਰਾਈ ਤੋਂ ਬੱਚਾ ਕੇ ਰੱਖ, ਅਤੇ ਮੇਰਾ ਸਾਰਾ ਉਠਣਾ ਬੈਠਣਾ ਅਤੇ ਸਭ ਕੁਝ ਤੇਰੀ ਹਜ਼ੂਰੀ ਵਿਚ ਤੈਨੂੰ ਪਸੰਦ ਆਵੇ । ਕਿਉਂਕਿ ਮੈਂ ਆਪਣੇ ਆਪ ਨੂੰ ਤਨ ਮਨ ਅਤੇ ਧੰਨ ਤੇਰੇ ਹੱਥਾਂ ਵਿਚ ਸੌਂਪਦਾ ਹਾਂ । ਤੇਰੇ ਪਵਿੱਤਰ ਸਵਰਗ ਦੂਤ ਸ਼ਤਾਨ ਤੋਂ ਮੇਰੀ ਰੱਖਿਆ ਕਰਨ ਤਾਕਿ ਉਸਦਾ ਮੇਰੇ ਉਤੇ ਕੋਈ ਬੁਰਾ ਅਸੱਰ ਨਾ ਹੋਵੇ ।

ਫਿਰ ਤੁਸੀਂ ਆਪਣੇ ਕੰਮ ਕਾਰਜ ਨੂੰ ਪ੍ਰਭੂ ਦੀ ਮਹਿਮਾ ਅਤੇ ਪ੍ਰਸ਼ੰਸਾ ਕਰਦੇ ਅਤੇ ਭਜਨ ਗਾਂਦੇ ਜਾਉ

## ਸ਼ਾਮ ਦੀ ਪ੍ਰਾਰਥਨਾ

ਸ਼ਾਮ ਨੂੰ ਸੋਣ ਤੋਂ ਪਾਹਿਲਾ, ਪਵਿੱਤਰ ਸਲੀਬ ਦਾ ਚਿੰਨ੍ਹ (ਸੰਕੇਤ) ਬਣਾਕੇ ਇਹ ਕਹੇ :

ਪਰਮੇਸ਼ਰ, ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ । ਆਮੀਨ

ਫਿਰ ਗੋਡਿਆ ਭਾਰ ਨਿਉਕੇ ਜਾਂ ਖੜ੍ਹੇ ਹੋ ਕੇ, ਰਸੂਲਾਂ ਦਾ ਅਕੀਦਾ ਅਤੇ ਪ੍ਰਭੂ ਦੀ ਪ੍ਰਾਰਥਨਾ ਬੋਲੇ ।

ਜੇ ਕਰ ਚਾਹੋ ਤਾਂ ਤੁਸੀਂ ਇਹ ਪ੍ਰਾਰਥਨਾ ਵੀ ਕਹਿ ਸਕਦੇ ਹੋ :

ਮੇਰੇ ਸੁਰਗੀਏ ਪਿਤਾ, ਮੈਂ ਤੇਰਾ ਧੰਨਵਾਦ ਕਰਦਾ ਹਾਂ, ਕਿ ਤੂੰ ਆਪਣੇ ਪਿਆਰੇ ਪੁੱਤਰ ਪ੍ਰਭੂ ਯਿਸੂ ਮਸੀਹ ਦੁਆਰਾ ਮੈਨੂੰ ਦਿੱਨ ਭਰ ਆਪਣੀ ਕਿਰਪਾ ਨਾਲ ਸੰਭਾਲਿਆ ਅਤੇ ਸੁਰਖਿਤ ਰੱਖਿਆ; ਅਤੇ ਮੈਂ ਇਹ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਮੈਨੂੰ ਅੱਜ ਦੇ ਮੇਰੇ ਸਾਰੇ ਪਾਪ ਅਤੇ ਬੁਰਾਈ ਨੂੰ ਮੁਆਫ਼ ਕਰ, ਅਤੇ ਰਾਤ ਭਰ ਮੇਰੀ ਰਖਵਾਲੀ ਕਰ ।ਕਿਉਂਕਿ ਮੈਂ ਆਪਣੇ ਆਪ ਨੂੰ ਤਨ ਮਨ ਅਤੇ ਧੰਨ ਤੇਰੇ ਹੱਥਾਂ ਵਿਚ ਸੌਂਪਦਾ ਹਾਂ । ਤੇਰੇ ਪਵਿੱਤਰ ਸਵਰਗ ਦੂਤ ਸ਼ਤਾਨ ਤੋਂ ਮੇਰੀ ਰੱਖਿਆ ਕਰਨ ਕਿਉਂ ਜੋ ਉਸਦਾ ਮੇਰੇ ਉਤੇ ਕੋਈ ਬੁਰਾ ਅਸੱਰ ਨਾ ਹੋਵੇ ।

ਫਿਰ ਧੰਨਵਾਦ ਕਰਦੇ  ਰੋਏ ਸੌਂ ਜਾਵੋ ।

**ਪਰਿਵਾਰ ਦਾ ਮੁਖੀਆ ਆਪਣੇ ਪਰਿਵਾਰ ਜਾਂ ਟਬਰ ਨੂੰ ਇਸ ਤਰ੍ਹਾਂ ਆਸੀਸ ਲੈਣ ਲਈ ਅਤੇ ਫਿਰ ਪ੍ਰਭੂ ਨੂੰ ਉਸ ਆਸੀਸ ਲਈ ਧੰਨਵਾਦ ਦੇਣਾ ਸਿਖਾਵੇ ।**

### ਆਸੀਸ ਲਈ ਬੇਨਤੀ

ਪਰਵਾਰ ਦੇ ਸਾਰੇ ਸੱਦਸਅ ਅਤੇ ਬੱਚੇ ਖਾਨੇ ਦੇ ਮੇਜ਼ ਤੇ ਇਕੱਠੇ ਹੋਣ ਅਤੇ ਆਪਣੇ ਹੱਥ ਜੋੜ ਕੇ ਇਹ ਕਹਿਣ:

ਸਭ ਪ੍ਰਾਣੀ ਆਸ ਭਰੀਆਂ ਨਜ਼ਰਾਂ ਨਾਲ ਉਸ ਵੱਲ ਤਕਦੇ ਹਨ, ਅਤੇ ਉਹ ਉਹਨਾਂ ਨੂੰ ਹਰ ਮੌਸਮ ਵਿਚ ਭੋਜਨ ਦਿੰਦਾ ਹੈ । ਉਹ ਉਹਨਾਂ ਨੂੰ ਲੋੜ ਅਨੁਸਾਰ ਦਿੰਦਾ ਹੈ, ਅਤੇ ਤ੍ਰਿਪਤ ਕਰਦਾ ਹੈ । (ਭਜਨ ੧੪੫ : ੧੫-੧੬)

ਫਿਰ ਪ੍ਰਭੂ ਦੀ ਪ੍ਰਾਰਥਨਾ ਤੋਂ ਬਾਅਦ ਇਹ ਕਹਿਣ : ਪ੍ਰਭੂ ਪਰਮੇਸ਼ਰ, ਸਾਡੇ ਸੁਰਗੀਏ ਪਿਤਾ ਸਾਨੂੰ ਆਸੀਸ ਦੇ ਅਤੇ ਇਹ ਸਾਰਿਆਂ ਰੱਬੀ ਦਾਤਾਂ ਜੋ ਤੇਰੀ ਬੇਹੱਦ ਭਲਾਈ ਤੋਂ ਮਿਲਦਿਆਂ ਹੈ ਸਾਡੇ ਪ੍ਰਭੂ ਯਿਸੂ ਮਸੀਹ ਦੀ ਖਾਤਿੱਰ ਸਾਨੂੰ ਦੇ । ਆਮੀਨ

### ਧੰਨਵਾਦ ਦੀ ਪ੍ਰਾਰਥਨਾ

ਉਸੇ ਤਰ੍ਹਾਂ ਭੋਜਨ ਤੋਂ ਬਾਅਦ ਆਪਣੇ ਹੱਥ ਜੋੜ ਕੇ ਇਹ ਪ੍ਰਾਰਥਨਾ ਕਰੋ ।

ਪ੍ਰਭੂ ਭਲਾ ਹੈ, ਉਸ ਦਾ ਧੰਨਵਾਦ ਕਰੋ, ਉਸ ਦੀ ਦਇਆ ਸਦੀਪਕ ਹੈ ।
ਉਹ ਸਭ ਪ੍ਰਾਣੀਆਂ ਨੂੰ ਭੋਜਨ ਦਿੰਦਾ ਹੈ, ਉਸ ਦੀ ਦਇਆ ਸਦੀਪਕ ਹੈ । (ਭਜਨ ੧੩੬: ੧, ੨੫)
ਪ੍ਰਭੂ ਦੀ ਪ੍ਰਾਰਥਨਾ ਤੋਂ ਬਾਅਦ ਇਹ ਕਿਹਾ ਜਾਵੇ:
ਪ੍ਰਭੂ ਪਰਮੇਸ਼ਰ, ਸਾਡੇ ਸੁਰਗੀਏ ਪਿਤਾ ਤੇਰਿਆਂ ਸਾਰੀਆਂ ਆਸੀਸਾ ਲਈ ਧੰਨਵਾਦ ਕਰਦੇ ਹੈ । ਇਹ ਧੰਨਵਾਦ ਤੇਰੇ ਪੁੱਤਰ ਪ੍ਰਭੂ ਯਿਸੂ ਮਸੀਹ ਜੋ ਤੇਰੇ ਅਤੇ ਪਵਿੱਤਰ ਆਤਮਾ ਦੇ ਨਾਲ ਸਦਾ ਰਾਜ ਕਰਦਾ ਹੈ, ਰਾਹੀ ਸਵੀਕਾਰ ਕਰ । ਆਮੀਨ

**Luther's Small Catechism**
**Copyright © Our Saviour Lutheran Church 2008**

**Translated by**
**Hilda & Joseph Singh**
**Edited by**
**Hannah Nath**

**Published by**
**Our Saviour Lutheran Church**
**January 2008**

**ਆਉਅਰ ਸੇਵ੍ਯਅਰ ਲੂਥਰਨ ਚਰਚ**
**੨੭੦੫ ਇਸਲਿੰਗਟਨ ਅਵਿਨ੍ਯੂ ।**
**ਈਟੋਬੀਕੋਕ, ਉਨਟਾਰਿਓ . M9V 2X7**

**Our Saviour Lutheran Church**
**2705 Islington Ave.**
**Etobicoke, ON M9W 2X7**
**Ph: 416-741-2110 / 647-476-4242**

**ਹੋਰ ਜਾਨਕਾਰੀ ਲਈ ਦੇਖੋ www.oslc.on.ca**

**E-mail : Pastor: pastor.johnson@oslc.on.ca**
**Joseph: joseph.singh@oslc.on.ca**